
# ਆਖ਼ਿਰ ਮਿੱਟੀ ਹੋਣਾ

( ਕਹਾਣੀ )



ਗੁਰਪ੍ਰੀਤ ਕਰੀਰ

www.PunjabiLibrary.com

# ਆਖ਼ਿਰ ਮਿੱਟੀ ਹੋਣਾ

(ਕਹਾਣੀ)

{E- BOOK}

ਗੁਰਪ੍ਰੀਤ ਕਰੀਰ

# Akhir Mitti Hona

[E-Book] by

**GURPREET KAREER**

Mobile: 9915425286

Email- Gs_kareer@rediffmail.com

22 July, 2021

WHATSAPP: {9915425286}

INSTAGRAM: {gskareer}

Facebook: {gskareer1}

Word mistake checker: Kamaldeep kaur

Special thanks: Bikramjit, Sukhdeep Raipur

ਪੰਜਾਬੀਓ ਹਜੇ ਵੀ ਜਾਗ ਜਾਵੋ,

ਸਾਂਭ ਲਵੋ ਫਸਲਾਂ ਤੇ ਨਸਲਾਂ ਨੂੰ!

ਦਿੱਲੀ ਫੇਰ ਮਨਸੂਬੇ ਘੜ੍ਹ ਰਹੀ,

ਸਾਡੇ ਹੱਥਾਂ ਚ ਦੇਣ ਲਈ,

ਕਹੀਆਂ ਦੀ ਥਾਂ ਰਫਲਾਂ ਨੂੰ!

ਕਿਸਾਨ ਮਜਦੂਰ ਏਕਤਾ ਜਿੰਦਾਬਾਦ

# 2001 ਇੰਗਲੈਂਡ

ਗੁੱਡ ਮੋਰਨਿੰਗ ਡੈਡ! ਪ੍ਰਗਟ ਨੇ ਡਰਾਇੰਗ ਰੂਮ ਵਿੱਚ ਚਾਹ ਪੀ ਰਹੇ ਸੁਖਦੇਵ ਸਿੰਘ ਦੇ ਕੋਲ ਬੈਠਦਿਆਂ ਕਿਹਾ।... 'ਆ ਪੁੱਤਰਾ ਉੱਠ ਗਿਆ! ਰਾਤੀ ਕਾਫੀ ਲੇਟ ਹੋ ਗਿਆ ਸੀ ਲੱਗਦਾ '? ਮੈਂ ਬਾਰਾਂ ਵਜੇ ਤੱਕ ਉਡੀਕਦਾ ਰਿਹਾ।... ਜੀ ਡੈਡ, ਪਾਰਟੀ ਚ ਦੋਸਤਾਂ ਨਾਲ ਟਾਈਮ ਦਾ ਪਤਾ ਹੀ ਨਹੀਂ ਲੱਗਿਆ।.... ਅੱਛਾ! ਕੀ ਫੈਂਸਲਾ ਕੀਤਾ ਫੇਰ ਤੂੰ ਸਾਡੇ ਨਾਲ ਪੰਜਾਬ ਚੱਲ ਰਿਹਾ ਹੈ ਜਾਂ ਨਹੀਂ? ਸੁਖਦੇਵ ਨੇ ਅਖਬਾਰ ਦੀ ਤਹਿ ਲਗਾਉਂਦਿਆਂ ਸਵਾਲ ਕੀਤਾ। ਅਸਲ ਚ ਪਰਗਟ ਸੁਖਦੇਵ ਦੇ ਭਰਾ ਹਰਨੇਕ ਦਾ ਮੁੰਡਾ ਸੀ, ਜਿਸਨੂੰ ਸੁਖਦੇਵ ਨੇ ਗੋਦ ਲੈ ਕੇ ਆਪਣੇ ਕੋਲ ਇੰਗਲੈਂਡ ਬੁਲਾ ਲਿਆ ਸੀ। ਪਰਗਟ ਸੁਖਦੇਵ ਨੂੰ ਡੈਡੀ ਹੀ ਕਹਿੰਦਾ ਸੀ। " ਹਾਂਜੀ ਡੈਡੀ ਜੀ ਜਾਵਾਂਗਾ! ਮੈਂ ਕਾਫੀ ਸੋਚ ਵਿਚਾਰ ਤੋਂ ਬਾਅਦ ਫੈਂਸਲਾ ਕੀਤਾ ਹੈ "। ਕਹਿੰਦਿਆਂ ਪਰਗਟ  ਨੇ ਚਾਹ ਦਾ ਕੱਪ ਫੜ ਲਿਆ। ਪਰਗਟ ਦੀ ਗੱਲ ਸੁਣਦਿਆਂ ਜਿਵੇਂ ਸੁਖਦੇਵ ਨੂੰ ਚਾਅ ਚੜ ਗਿਆ।

ਸ਼ਾਬਾਸ਼ ਪੁੱਤਰਾ! ਮੈਨੂੰ ਤੇਰੇ ਤੋਂ ਇਹੋ ਉਮੀਦ ਸੀ, ਤੇਰੀ ਮੰਮੀ ਤੇ ਜਿੰਮੀ ਕਹਿੰਦੇ ਸੀ ਤੂੰ ਕਦੇ ਵੀ ਰਾਜ਼ੀ ਨਹੀ ਹੋਵੇਗਾ। ਪਰ ਤੂੰ ਮੇਰਾ ਭਰੋਸਾ ਟੁੱਟਣ ਨਹੀਂ ਦਿੱਤਾ। ਸ਼ਾਬਾਸ਼! ਜਿੰਮੀ ਸੁਖਦੇਵ ਸਿੰਘ ਦਾ ਮੁੰਡਾ ਹੈ, ਜਿਸਦਾ ਪੂਰਾ ਨਾਮ ਜਗਮੀਤ ਸਿੰਘ ਹੈ। ... ਤਾਂ ਫੇਰ ਖਿੱਚ ਲੈ ਤਿਆਰੀ, ਅਸੀਂ ਅਗਲੇ ਹਫਤੇ ਹੀ ਜਾ ਰਹੇ ਹਾਂ। ਮੈਂ ਅੱਜ ਸਾਰਿਆਂ ਦੀ ਟਿਕਟ ਕਰਵਾ ਦਿੰਦਾ ਹਾਂ।... ਬਿਲਕੁੱਲ ਡੈਡ, ਮੈਂ ਫੇਰ ਆਪਣੇ ਪੇਂਡਿੰਗ ਕੰਮ ਮੁਕਾ ਲੈਂਦਾ ਹਾਂ। ਮਾਤਾ ਸ੍ਰੀ ਨੂੰ ਤਾਂ ਸਰਪ੍ਰਾਈਜ਼ ਮਿਲੂਗਾ, ਕੱਲ ਫੋਨ ਤੇ ਕਹਿ ਰਹੇ ਸੀ ਕੇ ਤੂੰ ਵੀ ਜਰੂਰ ਆ, ਨਾਲੇ ਜਗਦੇਵ ਨੂੰ ਮਿਲਣ ਨੂੰ ਦਿਲ ਕਰਦਾ ਹੁਣ। ਜਗਦੇਵ ਪਰਗਟ ਦਾ ਸਕਾ ਭਰਾ ਸੀ। ਜਗਦੇਵ ਤੇ ਓਸਦੀ ਮੰਮੀ ਪੰਜਾਬ ਹੀ ਰਹਿੰਦੇ ਸਨ। ਮੈ ਅਪਣੇ ਕਿਸੇ ਕੰਮ ਨੂੰ ਲੈ ਕੇ ਕੰਫਿਊਜਨ ਚ ਸੀ, ਪਰ ਹੁਣ ਮੈ ਫੈਂਸਲਾ ਕਰ ਲਿਆ ਹੈ ਕੇ ਮੈਂ ਤੁਹਾਡੇ ਨਾਲ ਜਾਵਾਂਗਾ। ਚਾਹ ਪੀ ਕੇ ਕੱਪ ਰੱਖਦਾ ਹੋਇਆ ਪ੍ਰਗਟ ਬੋਲਿਆ।

ਬਲਜੀਤ!..ਬਲਜੀਤ!... ਕਿੱਥੇ ਹੈ?.... ਐਧਰ ਬਾਹਰ ਆ ਜਾਓ ਜੀ। ਬਲਜੀਤ ਜੋ ਸੁਖਦੇਵ ਦੀ ਘਰਵਾਲੀ ਸੀ, ਨੇ ਉੱਚੀ ਆਵਾਜ਼ ਚ ਕਿਹਾ। " ਕੀ ਗੱਲ ਹੋ ਗਈ, ਹਾਕਾਂ ਮਾਰਨ ਲੱਗੇ ਹੋ"?..... " ਪ੍ਰਗਟ ਪੰਜਾਬ ਜਾਣ ਲਈ ਤਿਆਰ ਹੋ ਗਿਆ"। ਹੈ ਸੱਚੀ"?? ਰੋਟੀਆਂ ਲਈ ਆਲੂ ਛਿੱਲ ਰਹੀ ਬਲਜੀਤ ਕੌਰ ਨੇ ਬੜੀ ਉਤਸੁਕਤਾ ਨਾਲ ਪੁੱਛਿਆ।...ਹਾਂ! ਹੁਣੇ ਮੈਨੂੰ ਕਿਹਾ ਉਸਨੇ ਕੇ ਓਹ ਜਾਣ ਲਈ ਤਿਆਰ ਹੈ। ਮੈਂ ਬਸ ਬ੍ਰੇਕਫਾਸਟ ਕਰਕੇ ਟਿਕਟਾਂ ਲੈ ਆਉਂਦਾ ਹਾਂ, ਤੁਸੀਂ ਬਸ ਤਿਆਰੀ ਸ਼ੁਰੂ ਕਰੋ।.... ਲੈ ਅਸੀਂ ਤਾਂ ਕਦੋਂ ਦੀ ਤਿਆਰੀ ਸ਼ੁਰੂ ਕੀਤੀ ਹੋਈ ਆ, ਚੱਲੋ ਸਵਿੰਦਰ

ਭੈਣ ਖੁਸ਼ ਹੋਜੂ ਸੁਣ ਕੇ ਵਿਚਾਰੀ।

ਪੰਜਾਬ ਜਾਣ ਦੀ ਖੁਸ਼ੀ ਸੁਖਦੇਵ ਤੋਂ ਝੱਲ ਨਹੀਂ ਹੋ ਰਹੀ ਸੀ, ਅਸਲ ਚ ਓਹ ਪੂਰੇ 16 ਸਾਲ ਬਾਅਦ ਪੰਜਾਬ ਜਾ ਰਿਹਾ ਸੀ। ਉਸਦਾ ਅਤੀਤ ਬਹੁਤ ਹੀ ਦੁਖਦਾਈ ਰਿਹਾ ਸੀ। ਉਹ ਪੰਜਾਬ ਜਾ ਕੇ ਆਪਣਾ ਘਰ, ਖੇਤ ਦੇਖਣਾ ਚਾਹੁੰਦਾ ਸੀ, ਜਿੱਥੇ ਉਹ ਜੰਮਿਆ ਪਲਿਆ ਸੀ। ਪੰਜਾਬ ਜਾਣਾ ਓਸ ਲਈ ਸਵਰਗ ਜਾਣ ਤੋਂ ਘੱਟ ਨਹੀਂ ਸੀ। ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗੀ ਕਿ ਹੱਡ ਮਾਸ ਹੀ ਉਸਦਾ ਇੰਗਲੈਂਡ ਸੀ, ਰੂਹ ਉਸਦੀ ਪੰਜਾਬ ਦੀ ਵੱਸਦੀ ਸੀ। ਪਿਛਲੇ 16 ਸਾਲ ਓਸਨੇ ਕਿਵੇਂ ਗੁਜ਼ਾਰੇ ਸਨ, ਇਹ ਓਹੀ ਜਾਣਦਾ ਸੀ, ਕੋਈ ਦਿਨ ਵੀ ਅਜਿਹਾ ਨਹੀਂ ਬੀਤਿਆ ਸੀ ਜਿਸ ਦਿਨ ਉਹਨੂੰ ਪਿੰਡ ਯਾਦ ਨਾ ਆਇਆ ਹੋਵੇ। ਕਿਵੇਂ ਉਸਨੇ ਐਨਾ ਦਰਦ ਹੰਢਾਇਆ, ਕਿਵੇਂ ਉਸਦੇ ਆਪਣੇ ਉਸ ਤੋਂ ਸਦਾ ਲਈ ਦੂਰ ਹੋ ਗਏ। ਪੰਜਾਬ ਦੇ ਕਾਲੇ ਦੌਰ ਦੀ ਐਸੀ ਹਨੇਰੀ ਆਈ, ਜਿਸਨੇ ਸੁਖਦੇਵ ਦੀ ਹੱਸਦੀ ਵੱਸਦੀ ਜ਼ਿੰਦਗੀ ਚ ਉਜਾੜਾ ਪਾ ਦਿੱਤਾ। ਹੁਣ ਸਾਰਾ ਕੁੱਝ ਕਹਾਣੀ ਵਾਂਗ ਸੁਖਦੇਵ ਦੀਆਂ ਅੱਖਾਂ ਅੱਗੇ

ਘੁੰਮਣ ਲੱਗ ਪਿਆ ਸੀ।

ਵਾਹਿਗੁਰੂ ਵਾਹਿਗੁਰੂ...ਕਿਹੋ ਜਿਹਾ ਸਮਾਂ ਆ ਗਿਆ ਵਾਹਿਗੁਰੂ। ਕੋਈ ਪੁੱਛ ਗਿੱਛ ਨਹੀ, ਜਿਹਨੂੰ ਜੀ ਕੀਤਾ ਚੁੱਕ ਲਿਆ ਮਾਰ ਖ਼ਪਾ ਤਾ। ਜੋਗਿੰਦਰ ਸਿੰਘ ਕੰਬਲੀ ਲਾਹ ਕੇ ਧੁੱਪੇ ਪਏ ਮੰਜੇ ਤੇ ਨਿਢਾਲ ਹੁੰਦਾ ਬੁੜਬੁੜਾਇਆ। ਜੋਗਿੰਦਰ ਸਿੰਘ ਸੁਖਦੇਵ ਤੇ ਹਰਨੇਕ ਦਾ ਚਾਚਾ ਸੀ, ਜਿਸਦਾ ਵਿਆਹ ਨਹੀ ਹੋਇਆ ਸੀ। ਜੋਗਿੰਦਰ ਦਾ ਭਰਾ ਜਾਣੀ ਕੇ ਸੁਖਦੇਵ ਤੇ ਹਰਨੇਕ ਦਾ ਪਿਉ ਓਹਨਾ ਦੇ ਨਿੱਕਿਆ ਹੁੰਦਿਆਂ ਹੀ ਚੱਲ ਵਸਿਆ ਸੀ, ਤਾਂ ਦੋਹਾਂ ਭਰਾਵਾਂ ਨੂੰ ਜੋਗਿੰਦਰ ਸਿੰਘ ਨੇ ਹੀ ਪਾਲਿਆ ਸੀ।

" ਕੀ ਗੱਲ ਹੋ ਗਈ ਚਾਚਾ" ਐਨੀ ਠੰਡ ਚ ਕਿੱਧਰ ਗਿਆ ਸੀ? ਕਿੰਨੇ ਵਾਰ ਕਿਹਾ ਮੈਂ ਕੇ ਘਰ ਬੈਠਿਆ ਕਰ। ਖੰਘ ਤੇਰੀ ਹਜੇ ਠੀਕ ਨਹੀਂ ਹੋਈ, ਦੇਖ ਕਿਵੇਂ ਢਊ ਢਊ ਲੱਗੀ ਆ, ਚਾਚੇ ਨੂੰ ਖੰਘਦੇ ਦੇਖ ਹਰਨੇਕ ਨੇ ਕਿਹਾ। ਹਰਨੇਕ ਸਿੰਘ ਸੁਖਦੇਵ ਦਾ ਨਿੱਕਾ ਭਰਾ ਸੀ। "ਭਾਬੀ! ਚਾਹ ਬਣਾ ਕੇ ਦਿਉ ਚਾਚੇ ਨੂੰ ਵਤਰ ਤੇਜ਼ ਕਰਕੇ, ਕੈਮ ਹੋਵੇ ਜਰਾ।

ਓ ਮੈਨੂੰ ਕੀ ਗੋਲੀ ਵੱਜੀ ਆ! ਆਹ ਜਿਹੜੀ ਬਿਮਾਰੀ ਬਾਹਰ ਫੈਲੀ ਆ ਓਦੋਂ ਭੈੜੀ ਨਹੀਂ ਬਿਮਾਰੀ ਮੇਰੀ। ਨਿਹੰਗ ਕੇ ਜਾ ਕੇ ਆਇਆ, ਰਾਤ ਓਹਨਾਂ ਦੇ ਮੀਤੇ ਨੂੰ ਪੁਲਿਸ ਲੈ ਗਈ ਚੱਕ ਕੇ। ਨਾ ਕੋਈ ਕਸੂਰ ਦੱਸਿਆ ਨਾ ਕੁੱਝ, ਹੁਣ ਗਏ ਨੇ ਸਰਪੰਚ ਹੁਣੀ ਥਾਣੇ ਨੂੰ, ਜੋਗਿੰਦਰ ਨੇ ਖੰਘਦੇ ਹੋਏ ਸਾਰੀ ਗੱਲ ਦੱਸੀ।.... ਹੈਂ? ਮੀਤੇ ਨੂੰ ਪੁਲਸ ਲੈ ਗਈ? ਹਰਨੇਕ ਨੂੰ ਇਸ ਬਾਰੇ ਜਰਾ ਵੀ ਪਤਾ ਨਹੀਂ ਸੀ। ਹਰਨੇਕ ਕਾ ਘਰ ਖੇਤਾਂ ਚ ਸੀ, ਸਵੇਰ ਦਾ ਖਰਾਬ ਹੋਈ ਮੋਟਰ ਨੂੰ ਸੂਤ ਕਰਦਾ ਹੋਣ ਕਰਕੇ ਓਹਦਾ ਪਿੰਡ ਚ ਚੱਕਰ ਨਹੀਂ ਲੱਗਾ ਸੀ। ਮੀਤਾ ਹਰਨੇਕ ਦਾ ਬੇਲੀ ਸੀ, ਦੋਵੇਂ ਹਮ ਉਮਰ ਸਨ ਤੇ ਇਕੱਠੇ ਖੇਡ ਖੇਡ ਕੇ ਵੱਡੇ ਹੋਏ ਸਨ। ਦੋਵੇਂ ਧਾਰਮਿਕ ਸਮਾਗਮਾਂ ਵਿੱਚ ਵੀ ਵੱਧ ਚੜ ਕੇ ਹਿੱਸਾ ਲੈਂਦੇ ਸਨ। ਹਰਨੇਕ ਦਾ ਸੁਭਾਅ ਗਰਮ ਸੀ, ਪ੍ਰਗਟ ਵੀ ਹਰਨੇਕ ਦਾ ਹੀ

ਮੁੰਡਾ ਸੀ। ਹਰਨੇਕ ਦੀ ਘਰਵਾਲੀ ਸਵਿੰਦਰ ਨਰਮ ਸੁਭਾਅ ਦੀ ਰੱਬ ਨੂੰ ਮੰਨਣ ਵਾਲੀ ਔਰਤ ਸੀ।

"ਜੇ ਸਿੰਘ ਹਥਿਆਰ ਰੱਖਦੇ ਆ ਤਾਂ ਇਹਨਾਂ ਲਈ ਅੱਤਵਾਦੀ ਬਣ ਜਾਂਦੇ ਆ, ਜੋ ਸਰਕਾਰਾਂ ਸਿੰਘਾਂ ਨਾਲ ਕਰ ਰਹੀਆਂ ਕੀ ਇਹ ਵਾਜਿਬ ਆ"? ਹਰਨੇਕ ਨੂੰ ਇਸ ਤਰ੍ਹਾਂ ਗਰਮ ਬੋਲਦੇ ਨੂੰ ਸੁਣ ਕੇ ਉਸਦੀ ਘਰਵਾਲੀ ਤੇ ਭਰਜਾਈ ਬਲਜੀਤ ਕੌਰ ਵੀ ਬਾਹਰ ਵਿਹੜੇ ਚ ਆ ਗਈਆਂ। ਕਿੰਨਾ ਚਿਰ ਹਰਨੇਕ ਉੱਚੀ ਉੱਚੀ ਬੋਲਦਾ ਰਿਹਾ ਤੇ ਸਰਕਾਰ ਤੇ ਪੁਲਿਸ ਨੂੰ ਕੋਸਦਾ ਰਿਹਾ, ਪਰ ਸੁਖਦੇਵ ਤੋਂ ਬਿਨਾਂ ਕਿਸੇ ਦੀ ਹਿੰਮਤ ਨਹੀਂ ਹੁੰਦੀ ਸੀ ਕਿ ਉਸਦੇ ਅੱਗੇ ਬੋਲੇ।

ਓਧਰ ਪਿੰਡ ਵਿੱਚ ਪੂਰਾ ਰੌਲਾ ਪਿਆ ਹੋਇਆ ਸੀ, ਹਰ ਕੋਈ ਪੁਲਿਸ ਦੀ ਧੱਕੇਸ਼ਾਹੀ ਦੀਆਂ ਗੱਲਾਂ ਕਰ ਰਿਹਾ ਸੀ। ਸੱਥ ਵਿੱਚ ਫੱਟੇ ਤੇ ਬੈਠੇ ਗੱਲਾਂ ਕਰ ਰਹੇ ਬਜੁਰਗਾਂ ਕੋਲ ਆ ਕੇ ਸੁਲੱਖਣ ਸਿੰਘ ਨੇ ਮੋਟਰਸਾਈਕਲ ਦੀ ਬ੍ਰੇਕ ਲਗਾਈ, " ਕਿਦਾਂ ਬਾਬਿਓ ਕਿਸ ਵਿਸ਼ੇ ਤੇ ਵਿਚਾਰਾਂ ਚੱਲ ਰਹੀਆਂ ਨੇ ਅੱਜ ਸਾਡੇ ਮੰਤਰੀਆਂ ਦੀਆਂ"? ਸੁਲੱਖਣ ਨੇ ਬਜੁਰਗਾਂ ਨੂੰ ਮਖੌਲ ਕੀਤਾ।... " ਅੱਜ ਤਾਂ ਭਾਣਾ ਹੀ ਹੋਰ ਵਾਪਰ ਗਿਆ ਸੁਲੱਖਣਾ, ਪਿੰਡ ਪੁਲਿਸ ਆਈ ਸੀ ਤੇ ਮੀਤੇ ਨੂੰ ਲੈ ਗਈ ਰਾਤ ਦੀ"। ਓਹ ਵਿਚਾਰਾ ਗਰੀਬ ਐਨਾ ਸਾਊ ਮੁੰਡਾ ਕੀ ਵਿਗਾੜ ਤਾ ਕਿਸੇ ਦਾ ਉਹਨੇ? ਬਜੁਰਗ ਨੇ ਹਾੜਾ ਕੀਤਾ।.....ਵਿਗਾੜ ਕੀ ਆ ਇਹ ਤਾਂ ਪੁਲਿਸ ਨੇ ਦੱਸ ਹੀ ਦੇਣਾ, ਬਿਨਾਂ ਅੱਗ ਦੇ ਧੂੰਆਂ ਨਹੀਂ ਨਿਕਲਦਾ। ਆਪਾਂ ਨੂੰ ਕੀ ਪਤਾ ਤਾਇਆ ਉਹ ਕਿੱਥੇ ਕਿੱਥੇ ਯਰਾਨੇ ਲਾਈ ਬੈਠਾ। ਅਸਲ ਚ ਸੁਲੱਖਣ ਨੇ ਇਹ ਗੱਲ ਤਾਂ ਕਹੀ ਕਿਉਂਕਿ ਉਸਦੀ ਹਰਨੇਕ ਨਾਲ ਲੱਗਦੀ ਸੀ ਤੇ ਮੀਤਾ ਹਰਨੇਕ ਦਾ ਪੱਕਾ ਯਾਰ ਸੀ। ਦੋਵੇਂ ਸੁਲੱਖਣ ਦੀਆਂ ਅੱਖਾਂ ਚ ਰੜਕਦੇ ਸਨ। ਸੁਲੱਖਣ ਸ਼ਰੀਕੇ ਚ ਹਰਨੇਕ ਦਾ ਭਰਾ ਹੀ ਲੱਗਦਾ ਸੀ। ਸੁਲੱਖਣ ਦਾ ਰਹਿਣ ਸਹਿਣ ਬਾਹਲਾ ਵਧੀਆ ਨਹੀਂ ਸੀ, ਦਿਨ ਵੇਲੇ ਵੀ ਦਾਰੂ ਨਾਲ ਡੱਕਿਆ ਰਹਿੰਦਾ ਸੀ। ' ਚੰਗਾ ਤੁਸੀ ਕਰੋ ਵਿਚਾਰਾਂ ਮੈਂ ਚਲਦਾ, ਕਹਿੰਦਿਆਂ ਸੁਲੱਖਣ ਨੇ ਮੋਟਰਸਾਈਕਲ ਦੀ ਕਿੱਕ ਮਾਰ ਦਿਆਂ ਕਿਹਾ।

' ਜ਼ਿੰਦ ਯਾਰ ਦੀ ਮੰਗਾਂ ਮੈਂ ਰੱਬਾ ਰੋ ਕੇ, ਕਿਹੜੀ ਮੈਂ ਖੁਦਾਈ ਮੰਗ ਲਈ, ਓ ਜ਼ਿੰਦ ਯਾਰ ਦੀ....'! ਬਾਹਰੋਂ ਟਰੈਕਟਰ ਤੇ ਲੱਗੀ ਟੇਪ ਦੀ ਆਵਾਜ਼ ਆਉਣ ਲੱਗੀ, ਸੁਖਦੇਵ ਮੰਡੀਓ ਵਾਪਿਸ ਮੁੜ ਆਇਆ ਸੀ। ਸੁਖਦੇਵ ਉਹਨਾਂ ਦਿਨਾਂ ਚ ਬਹੁਤ ਮਸਤ ਮੌਲਾ ਬੰਦਾ ਸੀ, ਕਿਸੇ ਨਾਲ ਵਾਧੂ ਘਾਟੂ ਨਹੀਂ ਕਰਦਾ ਸੀ। ਟਰੈਕਟਰ ਵਰਾਂਡੇ ਚ ਡੱਕ ਕੇ ਓਹ ਕੁੜਤਾ ਝਾੜਦਾ ਬਾਹਰ ਮੋਟਰ ਵੱਲ ਹੋ ਗਿਆ। ' ਕਿਵੇਂ ਆਈ ਨਹੀਂ ਇਹ ਲੋਟ ਹਜੇ '? ਹਰਨੇਕ ਨੂੰ ਮਿਸਤਰੀ ਕੋਲ ਖੜੇ ਨੂੰ ਓਸ ਪੁੱਛਿਆ।

ਕਿਵੇਂ ਬਣੀ ਨਹੀਂ ਮੱਝ ਕੋਈ, ਖਾਲੀ ਹੀ ਮੁੜ ਆਇਆ? ਹਰਨੇਕ ਨੇ ਉਲਟਾ ਸੁਖਦੇਵ ਨੂੰ ਸਵਾਲ ਕੀਤਾ। ....ਨਾ ਯਰ! ਜਚੀ ਨਹੀਂ ਕੋਈ, ਉੱਤੋਂ ਪੈਸੇ ਵੀ ਪਿਓ ਦੇ ਪਿਉ ਮੰਗਦੇ ਸੀ ਫੰਡਰਾਂ ਜਿਹੀਆਂ ਦਾ, ਅਗਲੇ ਐਤਵਾਰ ਦੇਖਾਂਗੇ।

ਓਹ ਇਹਨਾਂ ਮਾਵਾਂ ਨੂੰ ਪੱਠੇ ਟੈਮ ਨਾਲ ਪਾ ਦਿਆ ਕਰ, ਸਾਰਾ ਦਿਨ ਰੇਡੀਓ ਦਾ ਕੰਨ ਮਰੋੜੀ ਜਾਨਾ ਰਹਿਣੈਂ, ਹਰਨੇਕ ਸੀਰੀ ਨੂੰ ਗਾਣੇ ਸੁਣਦਾ ਦੇਖ ਹਰਖ ਕੇ ਬੋਲਿਆ।..... ਕੀ ਗੱਲ ਹੋਗੀ, ਐਨਾ ਤਪਿਆ ਪਿਆਂ? ਸੁਖਦੇਵ ਨੂੰ ਪਹਿਲਾਂ ਹੀ ਹਰਨੇਕ ਦਾ ਮੂੰਹ ਦੇਖ ਕੇ ਪਤਾ ਲੱਗ ਗਿਆ ਸੀ ਕੇ ਕੋਈ ਗੱਲ ਹੈ। ਮੈਂ ਕੀ ਪੁੱਛਦਾ? ਹਰਨੇਕ ਨੂੰ ਕੁੱਝ ਨਾ ਬੋਲਦਾ ਦੇਖ ਸੁਖਦੇਵ ਨੇ ਓਹਦਾ ਮੋਢਾ ਹਿਲਾਇਆ। “ਇਹ ਸਰਕਾਰਾਂ ਸਮਝਦੀਆਂ ਇਹਨਾਂ ਦੇ ਦਬਾਇਆ ਸਿੱਖ ਦੱਬ ਜਾਣਗੇ, ਬਹੁਤ ਗਲਤ ਫਹਿਮੀ ਇਹਨਾਂ ਦੀ"।..... ਹੋਇਆ ਕੀ ਆ? ਸੁਖਦੇਵ ਨੇ ਫੇਰ ਪੁੱਛਿਆ।.... ਮੀਤੇ ਨੂੰ ਪੁਲਸ ਨੇ ਚੱਕ ਲਿਆ ਰਾਤੀ, ਹਰਨੇਕ ਨੇ ਮੀਤੇ ਦਾ ਫ਼ਿਕਰ ਕਰਦਿਆਂ ਕਿਹਾ।.... ਕਿਉਂ? ਓਹਨੇ ਕੀ ਕੀਤਾ ਅਜਿਹਾ? ਓਹਨੂੰ ਕਿਊ ਲੈ ਗਏ? ਸੁਖਦੇਵ ਵੀ ਇਕਦਮ ਗੰਭੀਰ ਹੋ ਗਿਆ। " ਅਖੇ ਤੂੰ ਖਾੜਕੂਆਂ ਨੂੰ ਰੋਟੀ ਖਵਾਈ ਆ, ਤੇਰੇ ਘਰ ਆਉਣ ਜਾਣ ਉਹਨਾਂ ਦਾ, ਤੂੰ ਵੀ ਰਲਿਆ ਉਹਨਾਂ ਨਾਲ"। ਓਹਦਾ ਵਿਚਾਰੇ ਦਾ ਕੋਈ ਲੈਣਾ ਦੇਣਾ ਨਹੀਂ ਕਿਸੇ ਨਾਲ, ਹਰਨੇਕ ਇੱਕੋ ਸਾਹੇ ਸਭ ਬੋਲ ਗਿਆ।

ਸੁਖਦੇਵ ਨੂੰ ਇਹ ਤਾਂ ਇਲਮ ਸੀ ਕੇ ਹਰਨੇਕ ਤੇ ਮੀਤਾ ਧਾਰਮਿਕ ਸਮਾਗਮਾਂ ਵਿੱਚ ਜਾਂਦੇ ਰਹਿੰਦੇ ਹਨ, ਤੇ ਕਿਸੇ ਖਾੜਕੂਆਂ ਨਾਲ ਇਹਨਾਂ ਦਾ ਕੋਈ ਸੰਬੰਧ ਨਹੀਂ

ਸੀ। ਪਰ ਪੁਲਿਸ ਨੂੰ ਕੌਣ ਸਮਝਾ ਸਕਦਾ। .... ਤੂੰ ਐਂਵੇ ਕਰ ਦੋ ਤਿੰਨ ਦਿਨ ਕਿਤੇ ਆਸੇ ਪਾਸੇ ਹੋ ਜਾ, ਮੀਤੇ ਕਰਕੇ ਕਿਤੇ ਤੈਨੂੰ ਵੀ...... " ਕੀ ਤੈਨੂੰ ਵੀ!" ਮੈਨੂੰ ਹੱਥ ਤਾਂ ਲਗਾ ਕੇ ਦਿਖਾਵੇ ਕੋਈ। ਓਸ ਭਲੇ ਮਾਣਸ ਤੇ ਹੀ ਜ਼ੋਰ ਚੱਲ ਗਿਆ ਉਹਨਾਂ ਦਾ, ਹਰਨੇਕ ਨੇ ਆਕੜ ਕੇ ਬੋਲਿਆ। .... ਵੀਰ ਮੇਰਿਆ ਪੁਲਿਸ ਅੱਗੇ ਕਿਹਦਾ ਜ਼ੋਰ, ਅੜੀ ਨਾ ਕਰ! ਸੁਖਦੇਵ ਨੇ ਜਿਵੇਂ ਤਰਲਾ ਕੀਤਾ। ਹਰਨੇਕ ਬਿਨ੍ਹਾਂ ਕੁੱਝ ਬੋਲਿਆਂ ਖੇਤਾਂ ਵੱਲ ਚਲਾ ਗਿਆ, ਤੇ ਸੁਖਦੇਵ ਵੀ ਅਸਲ ਗੱਲ ਪਤਾ ਕਰਨ ਲਈ ਪਿੰਡ ਵੱਲ ਆ ਗਿਆ। ਪਿੰਡ ਚੋਂ ਸੁਖਦੇਵ ਨੂੰ ਪਤਾ ਲੱਗਾ ਕਿ ਪੰਚਾਇਤ ਦੇ ਕਹਿਣ ਤੇ ਵੀ ਪੁਲਿਸ ਨੇ ਮੀਤੇ ਨੂੰ ਨਹੀਂ ਛੱਡਿਆ, ਤੇ ਓਸਦੀ ਕਾਫੀ ਕੁੱਟਮਾਰ ਵੀ ਕੀਤੀ ਹੈ। ਸੁਖਦੇਵ ਚੁੱਪਚਾਪ ਘਰ ਆ ਗਿਆ, ਕੁੱਝ ਬੁਰਾ ਵਾਪਰਣ ਦਾ ਖਿਆਲ ਓਹਦੇ ਅੰਦਰ ਰਿੜਨ ਲੱਗ ਪਿਆ ਸੀ।

ਠੰਡ ਬਹੁਤ ਵਧ ਚੁੱਕੀ ਸੀ, ਸ਼ਾਮਾਂ ਨੂੰ ਵੀ ਧੁੰਦ ਪੂਰੀ ਪੈ ਜਾਂਦੀ ਸੀ। ਸੁਖਦੇਵ ਡੰਗਰਾਂ ਵਾਲੇ ਵਰਾਂਡੇ ਚ ਠੰਡ ਵੜਨ ਤੋਂ ਤਰਪਾਲ ਪਾ ਕੇ ਹਟਿਆ ਸੀ, ਕਿ ਬਾਹਰ ਦਰਵਾਜ਼ੇ ਦੇ ਖੜਕਣ ਦੀ ਆਵਾਜ਼ ਆਈ। ਜਿਸ ਗੱਲ ਦਾ ਸੁਖਦੇਵ ਨੂੰ ਡਰ ਸੀ ਓਹੀ ਹੋਇਆ, ਬਾਹਰ ਪੁਲਿਸ ਦੀ ਜੀਪ ਸੀ। ਸੁਖਦੇਵ ਦੇ ਦਰਵਾਜਾ ਖੋਲ੍ਹਦੇ ਹੀ ਥਾਣੇਦਾਰ ਗਰਜਵੀਂ ਆਵਾਜ਼ ਚ ਬੋਲਿਆ," ਕਿੱਥੇ ਹੈ ਹਰਨੇਕ ਸਿੰਘ ਉਰਫ਼ ਨੇਕੀ ਬਦਮਾਸ਼ "? .... ਕੀ ਗੱਲ ਹੋ ਗਈ ਜਨਾਬ? ਓਹ ਤਾਂ ਜੀ ਘਰ ਨਹੀਂ। ਪਤਾ ਨਹੀਂ ਕਿਵੇਂ ਹਰਨੇਕ ਨੇ ਸੁਖਦੇਵ ਦੀ ਗੱਲ ਮੰਨ ਲਈ ਸੀ ਤੇ ਓਹ ਅੱਜ ਘਰ ਨਹੀਂ ਆਇਆ ਸੀ। ... ਉਹ ਤਾਂ ਅਸੀਂ ਲੱਭ ਲਵਾਂਗੇ, ਕਹਿੰਦਿਆਂ ਥਾਣੇਦਾਰ ਨੇ ਸਿਪਾਹੀਆਂ ਨੂੰ ਅੰਦਰ ਦੇਖਣ ਲਈ ਕਿਹਾ। ਘਰ ਵਿੱਚ ਪੁਲਿਸ ਦੇਖ ਕੇ ਬਲਜੀਤ ਤੇ ਸਵਿੰਦਰ ਵੀ ਡਰ ਗਈਆਂ, ਜਵਾਕ ਸੋ ਚੁੱਕੇ ਸੀ। ਜੋਗਿੰਦਰ ਸਿੰਘ ਵੀ ਦਵਾਈ ਖਾਹ ਕੇ ਸੁੱਤਾ ਸੀ, ਪਰ ਰੌਲਾ ਸੁਣ ਕੇ ਉੱਠ ਪਿਆ। ਵਾਹਿਗੁਰੂ ਵਾਹਿਗੁਰੂ! ਐਸ ਵੇਲੇ ਥਾਣੇਦਾਰ ਸਾਹਬ ਕੀ ਕੰਮ ਪੈ ਗਿਆ ਜੇ! .... ਕੰਮ ਵੀ ਦੱਸ ਦਿੰਨੇ ਹਾਂ ਬਾਬਾ, ਜੀਹਦੇ ਤੱਕ ਕੰਮ ਹੈ ਓਹਨੂੰ ਤਾਂ ਮਿਲ ਲਈਏ।... ਕੀ ਮਤਲਬ ਜੀ! ਮੰਜੇ ਤੋਂ ਉੱਠਦਾ ਜੋਗਿੰਦਰ ਸਿੰਘ ਸਹਿਮ ਗਿਆ ਸੀ।.....ਹਰਨੇਕ

ਕਿੱਥੇ ਹੈ? ਥਾਣੇਦਾਰ ਨੇ ਪੁੱਛਿਆ।....ਅਸਲ ਚ ਓਹ ਅੱਜ ਸਾਡੀ ਭੈਣ ਕੋਲ ਗਿਆ ਹੋਇਆ ਜੀ, ਇੱਕ ਅੱਧੇ ਦਿਨ ਤੱਕ ਆ ਜਾਊਗਾ। ਪਰ ਗੱਲ ਤਾਂ ਦੱਸੋ ਕੀ ਹੈ, ਕੀ ਕੀਤਾ ਉਸਨੇ! ਸੁਖਦੇਵ ਬੋਲਿਆ। ....ਅੱਛਾ! ਉਹਨੂੰ ਲੈ ਕੇ ਕੱਲ ਥਾਣੇ ਪੇਸ਼ ਹੋ ਜਾਇਓ, ਜੇ ਸਾਨੂੰ ਆਉਣਾ ਪਿਆ ਤਾਂ ਔਖਾ ਹੋਜੂ ਤੁਹਾਡੇ ਲਈ। ਐਨਾ ਕਹਿ ਕੇ ਪੁਲੀਸ ਚਲੀ ਗਈ, ਪਰ ਸਾਰੇ ਪਰਿਵਾਰ ਚ ਸਹਿਮ ਪੈ ਗਿਆ ਸੀ। ਸ਼ਾਇਦ ਸੁਖਦੇਵ ਨੂੰ ਪਤਾ ਸੀ ਕਿ ਹਰਨੇਕ ਕਿੱਥੇ ਹੋਵੇਗਾ। ......ਇਹ ਪੁਲਿਸ ਕਿਉ ਆਈ ਸੀ? ਕੀ ਕੀਤਾ ਨੇਕ ਨੇ? ਜੋਗਿੰਦਰ ਸਿੰਘ ਨੇ ਸੁਖਦੇਵ ਨੂੰ ਸਵਾਲ ਕੀਤਾ।.... " ਕੁੱਝ ਨਹੀਂ ਚਾਚਾ! ਉਹ ਮੀਤੇਂ ਨੂੰ ਪੁਲਿਸ ਨੇ ਚੱਕਿਆ ਨਾ, ਤੇ ਹਰਨੇਕ ਦਾ ਬੇਲੀ ਹੋਣ ਕਰਕੇ ਕੁੱਝ ਪੁੱਛ ਦੱਸ ਕਰਨੀ ਹੋਊ। ਸੁਖਦੇਵ ਚਾਚੇ ਨੂੰ ਹੌਂਸਲਾ ਦੇ ਰਿਹਾ ਸੀ, ਪਰ ਅੰਦਰੋਂ ਓਹ ਖੁਦ ਵੀ ਡਰ ਗਿਆ ਸੀ। ਸਵੇਰੇ ਮੂੰਹ ਹਨੇਰੇ ਸੁਖਦੇਵ ਧਾਰਾਂ ਕੱਢ ਕੇ ਮੱਝਾਂ ਤੇ ਪੱਲੀਆਂ ਪਾ ਰਿਹਾ ਸੀ ਤਾਂ ਓਸਨੇ ਕਿਸੇ ਦੇ ਕੰਧ ਤੋਂ ਛਾਲ ਮਾਰਨ ਦੀ ਆਵਾਜ਼ ਸੁਣੀ। " ਕਿਹੜਾ ਬਾਈ"? ਦੁੱਧ ਦੀ ਬਾਲਟੀ ਰੱਖ ਕੇ ਉਹ ਬਾਹਰਲੀ ਕੰਧ ਵੱਲ ਹੋਇਆ। ਕਿਸੇ ਨੇ ਕੰਬਲੀ ਚ ਮੂੰਹ ਲਕੋਇਆ ਹੋਇਆ ਸੀ, ਸੁਖਦੇਵ ਨੇ ਕੋਲ ਜਾ ਕੇ ਫੇਰ ਫੇਰ ਪੁੱਛਿਆ, ਕਿਹੜਾ ਬਾਈ?।.... ਮੈਂ ਹਾਂ! ਮੂੰਹ ਨੰਗਾ ਕਰਦਾ ਹਰਨੇਕ ਅੰਦਰ ਨੂੰ ਤੁਰ ਪਿਆ।.... ਤੂੰ? ਕਿੱਥੇ ਸੀ ਰਾਤੀ? ਸੁਖਦੇਵ ਵੀ ਦੁੱਧ ਦੀ ਬਾਲਟੀ ਫੜ੍ਹ ਕੇ ਓਹਦੇ ਮਗਰ ਕਾਹਲੀ ਕਾਹਲੀ ਤੁਰ ਪਿਆ। ਤੈਨੂੰ ਪਤਾ ਰਾਤ ਪੁਲਿਸ ਆਈ ਸੀ, ਸੱਚੋ ਸੱਚ ਦੱਸ ਅਸਲ ਗੱਲ ਕੀ ਹੈ। .... ਆਹੋ ਪਤਾ! ਹਰਨੇਕ ਬੋਲਿਆ। ਰਾਤ ਓਹਨੇ ਪੁਲਿਸ ਆਉਂਦੀ ਦੇਖ ਲਈ ਸੀ ਤੇ ਉਹ ਬਾਹਰ ਵਾਲੇ ਖੇਤ ਮੋਟਰ ਤੇ ਚਲਾ ਗਿਆ ਸੀ।....ਗੱਲ ਕੀ ਹੋਣੀ ਬਾਈ, ਸੁਲੱਖਣ ਦੇ ਯਾਰ ਨੇ ਸ਼ਿਕਾਇਤ ਕੀਤੀ ਆ, ਓਸ ਦਿਨ ਨਗਰ ਕੀਰਤਨ ਤੇ ਹੋਈ ਲੜਾਈ ਤੋਂ। ਮੀਤਾ ਵੀ ਤਾਂ ਹੀ ਲੈ ਕੇ ਗਏ ਨੇ ਕੰਜਰਾਂ ਦੇ ਕੁੱਛ ਲੱਗਦੇ। ਅਸਲ ਚ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਤੇ ਨਗਰ ਕੀਰਤਨ ਚ ਇੱਕ ਮਨਚਲੇ ਜੱਗੀ ਨਾਮ ਦੇ ਮੁੰਡੇ ਨੇ ਬੀਬੀਆਂ ਵੱਲ ਜਾਣ ਕੇ ਪਟਾਕੇ ਸੁੱਟੇ ਸਨ। ਹਰਨੇਕ ਤੇ ਮੀਤੇ ਦੇ ਬੋਲਣ ਤੇ ਓਹ ਇਹਨਾਂ ਨੂੰ ਬੁਰਾ ਭਲਾ ਬੋਲਣ ਲੱਗ ਪਿਆ, ਤੇ ਗਾਲ੍ਹ ਕੱਢ ਦਿੱਤੀ। ਹਰਨੇਕ ਨੇ ਓਸਦਾ ਮੱਕੂ ਠੱਪ ਤਾ, ਉਸ ਦਿਨ ਤਾਂ ਸਭ ਨੇ ਉਹਨਾਂ ਨੂੰ ਛੁਡਾ ਦਿੱਤਾ ਤੇ ਗੱਲ ਆਈ ਗਈ ਹੋ

ਗਈ। ਇਸ ਦਾ ਸੁਖਦੇਵ ਨੂੰ ਵੀ ਪਤਾ ਸੀ, ਪਰ ਉਸ ਤੋਂ ਬਾਅਦ ਜੋ ਹੋਇਆ ਉਹ ਨਹੀਂ ਪਤਾ ਸੀ।

" ਉਸ ਲੜਾਈ ਦੀ ਸ਼ਿਕਾਇਤ ਅੱਜ ਕਰਨੀ ਸੀ"? ਸੁਖਦੇਵ ਨੇ ਬੇਚੈਨ ਹੋ ਕੇ ਕਿਹਾ, ਕਿਉ ਕਿ ਉਸਤੋਂ ਬਾਅਦ ਦੀ ਗੱਲ ਓਸ ਨੂੰ ਪਤਾ ਨਹੀਂ ਸੀ।.... ਨਹੀਂ ਤਿੰਨ ਦਿਨ ਪਹਿਲਾਂ ਉਹ ਤੇ ਚਾਰ ਜਣੇ ਓਹਦੇ ਨਾਲ ਹੋਰ ਸੀ, ਮੀਤੇ ਕੇ ਖੇਤ ਆ ਕੇ ਉਸਨੂੰ ਲਲਕਾਰਨ ਲੱਗੇ। ਮੈਂ ਵੀ ਓਹਦੀ ਮੋਟਰ ਤੇ ਬੈਠਾ ਸੀ। ਗੱਲ ਫੇਰ ਵੱਧ ਗਈ ਤੇ ਹੱਥੋਪਾਈ ਚ ਉਸਦੀ ਲੱਤ ਤੇ ਸੱਟ ਲੱਗ ਗਈ। ਹੁਣ ਉਹਨਾਂ ਨੇ ਮੀਤੇ ਤੇ ਪਰਚਾ ਕਰ ਦਿੱਤਾ ਤੇ ਮੇਰਾ ਨਾਮ ਵੀ ਬੋਲਦਾ ਵਿੱਚ। ਪੁਲਿਸ ਜਾਣ ਬੁੱਝ ਕੇ ਸਾਡਾ ਨਾਮ ਵਾਰਦਾਤਾਂ ਨਾਲ ਜੋੜ ਰਹੀ ਹੈ। ਇਹ ਸਭ ਦੇ ਪਿੱਛੇ ਉਸ ਮੱਸੇ ਰੰਗੜ (ਸੁਲੱਖਣ ) ਦਾ ਹੱਥ ਆ, ਹਰਨੇਕ ਨੇ ਪੂਰੀ ਗੱਲ ਦੱਸੀ।....ਤੇ ਤੂੰ ਮੈਨੂੰ ਕਿਉਂ ਨਹੀਂ ਦੱਸਿਆ ਇਹ ਸਭ? ਸੁਖਦੇਵ ਕੁੱਝ ਸੋਚੀ ਪੈ ਗਿਆ।..... ਓ ਤੈਨੂੰ ਕਿੰਨੇ ਵਾਰੀ ਕਿਹਾ ਨਾ ਲੋਕਾਂ ਨਾਲ ਦੁਸ਼ਮਣੀਆਂ ਲੈਂਦਾ ਰਿਹਾ ਕਰ, ਤੂੰ ਸਾਡੀ ਮੰਨਦਾ ਕਦੇ, ਜੋਗਿੰਦਰ ਸਿੰਘ ਨੇ ਉਹਨਾਂ ਦੀ ਗੱਲ ਸੁਣ ਲਈ ਸੀ।....ਚਾਚਾ ਮੈਂ ਐਂਵੇ ਤਾਂ ਨਹੀਂ ਲੋਕਾਂ ਨਾਲ ਲੜਦਾ ਰਹਿੰਦਾ, ਹੁਣ ਜੇ ਕੋਈ ਤੁਹਾਡੇ ਜੁੱਤੀਆਂ ਮਾਰੀ ਜਾਵੇ, ਤੁਸੀ ਅੱਗੋ ਬੁੱਤ ਬਣਕੇ ਖੜੇ ਰਹੋ, ਇਹ ਤਾਂ ਨਹੀਂ ਹੁੰਦਾ ਮੇਰੇ ਤੋਂ, ਹਰਨੇਕ ਨੇ ਹਰਖ ਕੇ ਕਿਹਾ।.... ਹੁਣ ਪੁਲਿਸ ਥਾਣੇ ਪੇਸ਼ ਹੋਣ ਦਾ ਕਹਿ ਕੇ ਗਈ ਆ, ਕਿਵੇਂ ਕਰਨੀ ਆ! ਸੁਖਦੇਵ ਨੇ ਹਰਨੇਕ ਦੀ ਮਰਜ਼ੀ ਪੁੱਛੀ।....ਪੇਸ਼ ਤਾਂ ਹੋਣਾ ਹੀ ਪੈਣਾ ਨਹੀਂ ਗੱਲ ਜਿਆਦਾ ਵੱਧ ਜਾਣੀ ਆ, ਜੋਗਿੰਦਰ ਸਿੰਘ ਵਿੱਚੋ ਬੋਲ ਪਿਆ।....ਚਾਚਾ ਫੇਰ ਜੇ ਕੋਈ ਹੋਰ ਫਰਜ਼ੀ ਕੇਸ ਪਾ ਦਿੱਤੇ ਪੁਲਸ ਨੇ ਫੇਰ? ਹਰਨੇਕ ਨੇ ਦਿਲ ਦੀ ਦੱਸੀ।....ਆਪਾਂ ਸਾਰੀ ਪੰਚਾਇਤ ਨੂੰ ਨਾਲ ਲੈ ਕੇ ਪੇਸ਼ ਹੁੰਦੇ ਹਾਂ, ਸੁਖਦੇਵ ਨੇ ਪਤੇ ਦੀ ਗੱਲ ਕਹੀ। ਦੁਪਹਿਰ ਨੂੰ ਸਰਪੰਚ ਨੂੰ ਨਾਲ ਲੈ ਕੇ ਪਿੰਡ ਵਾਲਿਆਂ ਨੇ ਹਰਨੇਕ ਨੂੰ ਥਾਣੇ ਪੇਸ਼ ਕਰ ਦਿੱਤਾ। ਜੱਗੀ ਹੁਣਾਂ ਨੂੰ ਵੀ ਬੁਲਾ ਲਿਆ ਗਿਆ, ਪੰਚਾਇਤ ਨੇ ਦੋਹਾਂ ਧਿਰਾਂ ਦਾ ਰਾਜੀਨਾਮਾ ਕਰਵਾ ਦਿੱਤਾ। ਖਾੜਕੂਆਂ ਨੂੰ ਰੋਟੀ ਖਵਾਉਣ ਵਾਲੀ

ਗੱਲ ਤੇ ਸਾਰੀ ਪੰਚਾਇਤ ਨੇ ਪੁਲੀਸ ਨੂੰ ਇਹਨਾਂ ਦੇ ਬੇਕਸੂਰ ਹੋਣ ਦੀ ਸਫਾਈ ਦਿੱਤੀ। ਕੇਸ ਖਾਰਜ ਹੋ ਗਏ ਸਨ, ਮੀਤਾ ਤੇ ਹਰਨੇਕ ਘਰ ਆ ਗਏ।

ਚਾਹੇ ਰਾਜ਼ੀਨਾਮਾ ਹੋ ਗਿਆ ਸੀ ਪਰ ਸੁਲੱਖਣ ਕੇ ਨਾਲ ਦੁਸ਼ਮਣੀ ਹੋਣ ਕਰਕੇ ਇੱਕ ਦੂਜੇ ਨੂੰ ਘੂਰਦੇ ਰਹਿੰਦੇ ਸਨ। ਅਸਲ ਚ ਹਰਨੇਕ ਸਿੰਘ ਹੁਣਾਂ ਦਾ ਸੁਲੱਖਣ ਹੁਣਾਂ ਨਾਲ ਜ਼ਮੀਨ ਦਾ ਪੁਰਾਣਾ ਰੌਲਾ ਸੀ। ਰਾਜ਼ੀਨਾਮੇ ਨੂੰ ਤਿੰਨ - ਚਾਰ ਮਹੀਨੇ ਹੋ ਗਏ ਸਨ। ਹਰਨੇਕ ਦਾ ਧਾਰਮਿਕ ਸਮਾਗਮਾਂ ਚ ਜਾਣਾ ਤੇ ਜਥੇਦਾਰਾਂ ਦੀਆਂ ਤਕਰੀਰਾਂ ਸੁਣਨਾ ਹੋਰ ਵਧ ਗਿਆ ਸੀ।ਸਰਕਾਰੀ ਸਿਸਟਮ ਦੇ ਪ੍ਰਤੀ ਗੁੱਸਾ ਓਸਦੇ ਅੰਦਰ ਕੁੱਟ ਕੁੱਟ ਕੇ ਭਰਿਆ ਹੋਇਆ ਸੀ। ਹਾੜੀਆਂ ਪੈ ਗਈਆਂ ਸਨ, ਕਣਕ ਵੱਢੀ ਜਾ ਰਹੀ ਸੀ, ਸੁਖਦੇਵ ਮੰਡੀ ਕਣਕ ਸੁੱਟ ਰਿਹਾ ਸੀ। ਰਾਤ ਨੂੰ ਸੁਲੱਖਣ ਕੇ ਘਰੇ ਮਹਿਫ਼ਿਲ ਸਜੀ ਹੋਈ ਸੀ, ਜੱਗੀ ਹੁਣਾਂ ਨਾਲ ਸੁਲੱਖਣ ਸ਼ਰਾਬ ਪੀ ਰਿਹਾ ਸੀ। ਸ਼ਰਾਬ ਪੀਂਦੇ ਪੀਂਦੇ ਸੁਲੱਖਣ ਨੇ ਜ਼ਮੀਨ ਦੀ ਗੱਲ ਤੋਰ ਲਈ, " ਇਹ ਸਾਡੀ ਜ਼ਮੀਨ ਨੂੰ ਸ਼ਰੀਕਾ ਵਾਹ ਰਿਹਾ"! ਸਾਡਾ ਹੱਕ ਆ ਨਿਆਈ ਵਾਲੇ ਟੱਕ ਤੇ।....ਬਾਈ ਕਾਗ਼ਜ਼ਾਂ ਚ ਜਦੋਂ ਉਹਨਾਂ ਦੇ ਨਾਮ ਬੋਲਦੀ ਆ,ਫੇਰ ਤੇਰੀ ਕਿਵੇਂ ਹੋਗੀ, ਜੱਗੀ ਨੇ ਪੈੱਗ ਚੁੱਕਦਿਆਂ ਕਿਹਾ।.... ਇਹ ਸਾਰੇ ਪਵਾੜੇ ਸਾਡੇ ਬਜੁਰਗਾਂ ਦੇ ਪਾਏ ਆ, ਜੋਗਿੰਦਰ ਚਾਚੇ ਨੇ ਆਵਦੀ ਸਾਰੀ ਜ਼ਮੀਨ ਦੇਤੀ ਉਹਨਾਂ ਨੂੰ, ਤੇ ਮੈਨੂੰ ਓਹ ਟਿੱਬਿਆਂ ਵਾਲੇ 4 ਵਿੱਘੇ  ਦੇ ਕੇ ਸਾਰ ਤਾ। ਓਹ ਹਰਨੇਕ ਬਦਮਾਸ਼ ਨੂੰ ਦੇਖ ਕੇ ਮੈਨੂੰ ਅੱਗ ਲੱਗ ਜਾਂਦੀ ਆ, ਅਖੇ ਤੂੰ ਬੰਦਾ ਬਣਜਾ, ਦਾਰੂ ਛੱਡ ਦੇ! ਵੱਡਾ ਜਥੇਦਾਰ! ਸੁਲੱਖਣ ਦੀ ਗੱਲ ਸੁਣ ਕੇ ਸਾਰੇ ਹੱਸਣ ਲੱਗ ਪਏ। ਕਾਫੀ ਰਾਤ ਹੋ ਗਈ ਸੀ, ਸੁਲੱਖਣ ਤੇ ਜੱਗੀ ਹੁਣੀ ਦਾਰੂ ਨਾਲ਼ ਪੂਰੇ ਡੱਕੇ ਹੋਏ ਸੀ, ਓਸ ਦਿਨ ਸੁਲੱਖਣ ਦੇ ਮਾਮੇ ਦਾ ਮੁੰਡਾ ਵੀ ਉਹਨਾਂ ਦੇ ਕੋਲ਼ ਆਇਆ ਹੋਇਆ ਸੀ। ਸ਼ਰਾਬ ਨੇ ਰੰਗ ਦਿਖਾਉਣਾ ਸ਼ੁਰੂ ਕਰਤਾ, ਸੁਲੱਖਣ ਉੱਚੀ ਉੱਚੀ ਬੜਕਾਂ ਮਾਰਨ ਲੱਗ ਪਿਆ। ਹੁਣ ਉਹ ਘਰ ਦੇ ਬਾਹਰ ਪੈਲੀ ਚ ਆ ਕੇ ਉੱਚੀ ਉੱਚੀ ਬੋਲਣ ਲੱਗ ਪਿਆ। ਸੁਲੱਖਣ ਦਾ ਘਰ ਵੀ ਹਰਨੇਕ ਕੀ ਪਹੀ ਤੇ ਅੱਗੇ ਜਾ ਕੇ ਸੀ। " ਓਹ ਬਦਮਾਸ਼ੋ ਬਾਹਰ ਨਿਕਲੋ ਓਏ"! ਓਹ ਬੁੜਿਆ ਸਾਰੇ ਕੰਡੇ ਤੇਰੇ ਬੀਜੇ ਹੋਏ ਨੇ। ਸੁਲੱਖਣ ਗਾਹਲਾਂ ਤੇ

ਉਤਰ ਆਇਆ। ਓਧਰ ਸੁਖਦੇਵ ਤਾਂ ਮੰਡੀ ਗਿਆ ਹੋਇਆ ਸੀ, ਪਰ ਹੋਣੀ ਨੂੰ ਹਰਨੇਕ ਘਰ ਸੀ। ਆਵਾਜ਼ਾਂ ਸੁਣ ਕੇ ਹਰਨੇਕ ਬਾਹਰ ਨਿਕਲਣ ਲੱਗਾ ਤਾਂ ਜੋਗਿੰਦਰ ਨੇ ਰੋਕ ਲਿਆ। " ਭੌਂਕੀ ਜਾਣ ਦੇ ਕੰਜਰ ਨੂੰ, ਡੱਫੀ ਹੋਈ ਆ"! ਤੂੰ ਬੈਠਾ ਰਹਿ ਘਰ।.... ਆਹੋ ਮੈਂ ਇਹਦੀਆਂ ਗਾਹਲਾਂ ਸੁਣੀ ਜਾਵਾਂ? ਇਹਦੀ ਵੱਡੇ ਨਾਢੂ ਖਾਂ ਦੀ ਐਸੀ ਤੈਸੀ, ਕਹਿੰਦਿਆਂ ਹਰਨੇਕ ਉਹਨਾਂ ਵੱਲ ਤੁਰ ਪਿਆ। ਹਰਨੇਕ ਨੂੰ ਆਉਂਦੇ ਨੂੰ ਦੇਖ ਕੇ ਜੱਗੀ ਹੁਣੀ ਸੁਚੇਤ ਹੋ ਗਏ, ਸੁਲੱਖਣ ਨੇ ਵੀ ਦੋਨਾਲੀ ਚੱਕ ਲਈ। " ਇਕੱਲਾ ਆ ਗਿਆ ਓਹਨੂੰ ਲਿਆ ਨਾਲ ਆਵਦੇ ਚਾਚੇ ਨੂੰ" ਪੁੱਛਾਂ ਓਹਨੂੰ ਮੈਂ, ਸੁਲੱਖਣ ਹਰਨੇਕ ਨੂੰ ਬੋਲਿਆ।.... ਮੈਂ ਆ ਗਿਆ , ਦੇਣਾ ਤੇਰੇ ਸਾਰੇ ਜਵਾਬ। ਕੀ ਆ ਮੂਤਰ ਪੀ ਕੇ ਭੌਂਕਣ ਲੱਗਿਆ ਤੂੰ। ਹਰਨੇਕ ਨੇ ਸੁਲੱਖਣ ਦੇ ਕੋਲ ਆ ਕੇ ਕਿਹਾ।.... ਮੈਂ ਤਾਂ ਐਦਾਂ ਹੀ ਬੋਲੂ... ਤੂੰ ਕਰਲੈ ਜੋ ਹੁੰਦਾ, ਸੁਲੱਖਣ ਨੇ ਗਾਹਲ ਕੱਢੀ। ..... ਹਰਨੇਕ ਨੇ ਖਿੱਚ ਕੇ ਚਪੇੜ ਤਾੜ ਕਰਦੀ ਸੁਲੱਖਣ ਦੇ ਕੱਢ ਮਾਰੀ। ਸੁਲੱਖਣ ਭੌਂ ਕੇ ਪਰਾਂ ਜਾ ਪਿਆ, ਜੱਗੀ ਦੀ ਹਿੰਮਤ ਨਾ ਪਈ ਕੁੱਝ ਕਰਨ ਦੀ, ਸੁਲੱਖਣ ਦੇ ਮਾਮੇ ਦਾ ਮੁੰਡਾ ਹਰਨੇਕ ਦੇ ਗੱਲ ਪੈ ਗਿਆ। ਐਨੇ ਨੂੰ ਸੁਲੱਖਣ ਨੇ ਫਾਇਰ ਕਰ ਦਿੱਤਾ, ਹਰਨੇਕ ਭੱਜ ਕੇ ਉਹਨਾਂ ਦੇ ਘਰ ਦੀ ਕੰਧ ਓਹਲੇ ਹੋ ਗਿਆ। ਹਰਨੇਕ ਨੇ ਡੱਬ ਚੋ ਪਿਸਤੌਲ ਕੱਢਿਆ ਤੇ ਫਾਇਰ ਕਰਤਾ। ਹਰਨੇਕ ਵੱਲੋ ਆਇਆ ਫਾਇਰ ਸੁਲੱਖਣ ਦੇ ਮਮੇਰੇ ਭਰਾ ਦੇ ਪੱਟ ਚ ਲੱਗ ਗਿਆ। ਹਰਨੇਕ ਵੱਲੋ ਆਏ ਫਾਇਰ ਨਾਲ ਸੁਲੱਖਣ ਡਰ ਗਿਆ, ਕਿਉਂ ਕਿ ਹਰਨੇਕ ਕੋਲ ਪਿਸਤੌਲ ਹੋਊਗਾ, ਇਹ ਓਹਨੂੰ ਪਤਾ ਨਹੀਂ ਸੀ। ਅਸਲ ਚ ਓਸਦੇ ਕੋਲ ਪਿਸਤੌਲ ਹੋਣ ਦਾ ਓਹਨਾ ਦੇ ਘਰ ਵੀ ਕਿਸੇ ਨੂੰ ਪਤਾ ਨਹੀਂ ਸੀ। ਸੁਲੱਖਣ ਕੇ ਘਰ ਚੀਕ ਚਿਹਾੜਾ ਪੈ ਗਿਆ, ਓਹ ਮੁੰਡੇ ਨੂੰ ਲੈ ਕੇ ਸ਼ਹਿਰ ਹਸਪਤਾਲ ਚਲੇ ਗਏ। ਹਰਨੇਕ ਓਥੋਂ ਪਹਿਲਾਂ ਘਰੇ ਆਇਆ, ਸ਼ਵਿੰਦਰ ਤੇ ਬਲਜੀਤ ਵੀ ਡਰ ਗਈਆਂ ਸਨ। ...ਇਹ ਤੂੰ ਕੀ ਕੀਤਾ ਨੇਕ, ਪਿਸਤੌਲ ਕਿੱਥੋਂ ਲਿਆ ਤੂੰ? ਜੋਗਿੰਦਰ ਸਿੰਘ ਨੇ ਘਬਰਾਹਟ ਚ ਪੁੱਛਿਆ।... ਚਾਚਾ ਧਿਆਨ ਰੱਖੀ, ਮੈਂ ਹੁਣ ਕੁੱਝ ਦਿਨ ਘਰ ਨਹੀਂ ਆਉਣਾ, ਬਾਕੀ ਤੈਨੂੰ ਫੇਰ ਦੱਸੂ ਹੁਣ । ਸ਼ਵਿੰਦਰ ਤੇ ਬਲਜੀਤ ਵੱਲ ਦੇਖਦਾ ਹੋਇਆ ਹਰਨੇਕ ਘਰੋਂ ਚਲਾ ਗਿਆ।

ਮੁੰਡਾ ਬਚ ਤਾਂ ਗਿਆ ਸੀ, ਪਰ ਲੱਤ ਆਹਰੀ ਹੋ ਗਈ ਸੀ। ਇਰਾਦਾ ਕਤਲ ਤੇ ਨਜਾਇਜ ਹਥਿਆਰ ਰੱਖਣ ਦੇ ਕੇਸ ਬਣ ਗਏ ਸਨ। ਓਧਰ ਹਰਨੇਕ ਓਸ ਦਿਨ ਦਾ ਘਰ ਨਹੀਂ ਆਇਆ ਸੀ, ਸੁਖਦੇਵ ਨੂੰ ਵੀ ਨਹੀਂ ਪਤਾ ਸੀ ਓਹ ਕਿੱਧਰ ਚਲਾ ਗਿਆ ਸੀ। ਇਸ ਗੱਲ ਤੋਂ ਹਫਤੇ ਕੂ ਬਾਅਦ ਹੀ ਜਿਲੇ ਚ ਇੱਕ ਵਾਰਦਾਤ ਹੋ ਗਈ। ਪੁਲਿਸ ਤੇ ਖਾੜਕੂਆਂ ਦਾ ਮੁਕ਼ਾਬਲਾ ਹੋਇਆ ਸੀ, ਜਿਸ ਚ ਕਈ ਪੁਲਿਸ ਵਾਲੇ ਮਾਰੇ ਗਏ, ਹਰਨੇਕ ਦਾ ਨਾਮ ਹੁਣ ਖਾੜਕੂਆਂ ਚ ਬੋਲਣ ਲੱਗ ਪਿਆ। ਪੁਲਿਸ ਓਸ ਨੂੰ ਲੱਭਣ ਲਈ ਹਰ ਰੋਜ਼ ਘਰ ਆਉਣ ਲੱਗ ਪਈ। ਪਰ ਸੁਖਦੇਵ ਤੇ ਸਾਰੇ ਪਰਿਵਾਰ ਨੂੰ ਹਰਨੇਕ ਦੇ ਕਿਸੇ ਜਥੇਬੰਦੀ ਨਾਲ ਜੁੜੇ ਹੋਣ ਦਾ ਕੁੱਝ ਪਤਾ ਨਹੀਂ ਸੀ। ਇੱਕ ਦਿਨ ਅੱਧੀ ਰਾਤ ਨੂੰ ਕਿਸੇ ਨੇ ਦਰਵਾਜ਼ਾ ਖੜ ਖੜਾਇਆ, ਆਵਾਜ਼ ਸੁਣ ਕੇ ਸੁਖਦੇਵ ਉੱਠ ਕੇ ਦਰਵਾਜ਼ਾ ਖੋਲਣ ਜਾਣ ਲੱਗਾ। " ਇਸ ਵੇਲੇ ਕੌਣ ਹੋਵੇਗਾ ਜੀ"? ਹਾਲਾਤ ਬਹੁਤ ਖਰਾਬ ਨੇ ਦੇਖ ਕੇ ਖੋਲਿਓ, ਬਲਜੀਤ ਨੇ ਸੁਖਦੇਵ ਨੂੰ ਚੌਕੰਨਾ ਕੀਤਾ।.... ਕੌਣ ਹੈ ਬਾਈ ਇਸ ਵੇਲੇ? ਸੁਖਦੇਵ ਨੇ ਦਰਵਾਜ਼ੇ ਕੋਲ ਜਾ ਕੇ ਪੁੱਛਿਆ।.....ਬੂਹਾ ਖੋਲ੍ਹ ਸਿੰਘਾ, ਹਰਨੇਕ ਨੇ ਭੇਜਿਆ ਸਾਨੂੰ।....ਸੁਖਦੇਵ ਨੇ ਕੁੱਝ ਸੋਚ ਕੇ ਬੂਹਾ ਖੋਲ ਦਿੱਤਾ, " ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ"! ਬੂਹਾ ਖੁੱਲਦੇ ਹੀ ਉਹਨਾਂ ਨੇ ਅੱਗਿਓਂ ਫਤਹਿ ਬੁਲਾਈ। ਉਹ ਦੋ ਜਨੇ ਸਨ, ਸੁਖਦੇਵ ਨੇ ਵੀ ਅੱਗਿਓ ਫਤਹਿ ਬੁਲਾਈ। ਹਾਂਜੀ ਦੱਸੋ ਜੀ?..... ਦੱਸਦੇ ਹਾਂ ਸਿੰਘਾਂ ਅੰਦਰ ਆ ਜਾਈਏ?....ਜੀ ਮੈਂ ਪਹਿਚਾਣਿਆਂ ਨਹੀਂ ਤੁਹਾਨੂੰ, ਸੁਖਦੇਵ ਨੇ ਜਕੋ ਤਕੀ ਜਿਹੀ ਕੀਤੀ।....ਘਬਰਾ ਨਾ ਸਿੰਘਾ ਤੇਰੇ ਆਪਣੇ ਹਾਂ, ਹਰਨੇਕ ਦਾ ਸੁਨੇਹਾ ਲੈਕੇ ਆਏ ਹਾਂ, ਕਹਿੰਦੇ ਹੋਏ ਓਹ ਖੁਦ ਹੀ ਅੰਦਰ ਲੰਘ ਆਏ।.... ਆ ਜਾਓ ਜੀ, ਸੁਖਦੇਵ ਉਹਨਾਂ ਨੂੰ ਅੰਦਰ ਲੈ ਗਿਆ। ਉਹਨਾਂ ਦੇ ਮੋਢਿਆਂ ਤੇ ਰਫ਼ਲਾਂ ਦੇਖ ਕੇ ਬਲਜੀਤ ਤੇ ਸ਼ਵਿੰਦਰ ਡਰ ਗਈਆਂ ਤੇ ਰਸੋਈ ਚ ਚਾਹ ਪਾਣੀ ਬਣਾਉਣ ਲੱਗ ਪਈਆਂ। ....ਹਰਨੇਕ ਕਿੱਥੇ ਹੈ ਜੀ? ਪਤਾ ਤੁਹਾਨੂੰ? ਸੁਖਦੇਵ ਨੇ ਉਹਨਾਂ ਨੂੰ ਪਾਣੀ ਫੜਾ ਕੇ ਪੁੱਛਿਆ।.... ਚੜਦੀ ਕਲਾ ਚ ਹੈ ਸਿੰਘਾ ਭਾਈ ਤੇਰਾ, ਸਾਨੂੰ ਓਹਨੇ ਆਵਦੀ ਸੁੱਖ ਸਾਂਦ ਦੀ ਖਬਰ ਦੇਣ ਨੂੰ ਹੀ ਭੇਜਿਆ, ਤੁਸੀਂ ਬੇਫ਼ਿਕਰ ਰਹੋ। ਪਰ ਉਹ ਹੈ ਕਿੱਥੇ? ਮੈਂ ਮਿਲਣਾ ਚਾਹੁਣਾ ਉਸਨੂੰ! ਸੁਖਦੇਵ ਨੇ ਫੇਰ ਸਵਾਲ ਕੀਤਾ। ਕੋਈ

ਨਾ ਸਿੰਘਾ ਜਲਦੀ ਮਿਲ ਲਵੇਗਾ ਤੁਹਾਨੂੰ। ਚੰਗਾ ਅਸੀਂ ਹੁਣ ਜਲਦੀ ਨਿਕਲਣਾ ਹੈ, ਤੁਸੀਂ ਘਬਰਾਓ ਨਾ ਜਲਦੀ ਆ ਜਾਵੇਗਾ ਹਰਨੇਕ, ਕਹਿੰਦਿਆਂ ਓਹ ਦੋਵੇਂ ਜਾਣੇ ਉੱਠ ਕੇ ਖੜੇ ਹੋ ਗਏ।.... ਹਰਨੇਕ ਨੂੰ ਕਿਹੋ ਜੀ ਕੇ ਘਰ ਮੁੜ ਆਵੇ, ਜੋਗਿੰਦਰ ਸਿੰਘ ਨੇ ਉਹਨਾਂ ਦੋਹਾਂ ਅੱਗੇ ਹੱਥ ਜੋੜ ਕੇ ਵਾਸਤਾ ਪਾਇਆ।....ਕੋਈ ਨਾ ਬਾਪੂ ਜੀ ਤੁਹਾਡਾ ਸੁਨੇਹਾ ਲਗਾ ਦਿਆਗੇ। ਅੱਛਾ ਜੀ ਫੇਰ, " ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ"! ਫਤਹਿ ਬੁਲਾ ਕੇ ਓਹ ਵਾਪਿਸ ਚਲੇ ਗਏ।

ਦੁਪਹਿਰ ਦੇ ਵੇਲੇ ਸੁਖਦੇਵ ਘਰੇ ਰੋਟੀ ਖ਼ਾਹ ਰਿਹਾ ਸੀ ਕਿ ਪੁਲਿਸ ਦੀ ਜੀਪ ਵਿਹੜੇ ਚ ਆਣ ਰੁਕੀ। " ਹਰਨੇਕ ਕਿੱਥੇ ਆ ਓਏ"? ਥਾਣੇਦਾਰ ਨੇ ਉੱਤਰਦੇ ਹੀ ਸੁਖਦੇਵ ਨੂੰ ਸਵਾਲ ਕੀਤਾ।.....ਜੀ ਸਾਨੂੰ ਓਸਦੀ ਕੋਈ ਖ਼ਬਰ ਨਹੀਂ, ਸੁਖਦੇਵ ਨੇ ਰੋਟੀ ਦੀ ਪਲੇਟ ਰੱਖ ਦਿਆਂ ਜਵਾਬ ਦਿੱਤਾ।.....ਖ਼ਬਰ ਤਾਂ ਲੱਗ ਜਾਊ ਪੁੱਤ, ਚੱਕੋ ਓਏ ਇਹਨੂੰ ਸਿੱਟੋ ਜੀਪ ਚ, ਥਾਣੇਦਾਰ ਨੇ ਰੋਹਬ ਮਾਰਿਆ।.....ਮੇਰਾ ਕੀ ਕਸੂਰ ਆ ਜੀ ਮੈਨੂੰ ਕਿਉ ਲਿਜਾ ਰਹੇ ਹੋ, ਸਾਰਾ ਟੱਬਰ ਰੌਲ਼ਾ ਪਾਉਣ ਲੱਗ ਪਿਆ। ਪਰ ਉਹਨਾਂ ਨੇ ਕਿਸੇ ਦੀ ਇੱਕ ਨਾ ਸੁਣੀ ਤੇ ਸੁਖਦੇਵ ਨੂੰ ਥਾਣੇ ਲੈ ਗਏ। ਅਸਲ ਚ ਸਾਰੇ ਭਗੌੜੇ ਹੋਏ ਮੁਲਜ਼ਮਾਂ ਨੂੰ ਫੜਣ ਲਈ ਸਰਕਾਰ ਨੇ ਪੁਲਿਸ ਨੂੰ ਖੁੱਲ ਦੇ ਦਿੱਤੀ ਸੀ। ਪੁਲਿਸ ਨੇ ਸੁਖਦੇਵ ਨੂੰ ਬਹੁਤ ਟੋਰਚਰ ਕੀਤਾ, ਪਰ ਓਸਨੂੰ ਪਤਾ ਹੀ ਨਹੀਂ ਸੀ ਕਿ ਹਰਨੇਕ ਕਿੱਥੇ ਸੀ। ਜੋਗਿੰਦਰ ਸਿੰਘ ਪੰਚਾਇਤ ਲੈ ਕੇ ਥਾਣੇ ਗਿਆ, ਸਾਰੀ ਪੰਚਾਇਤ ਨੇ ਸੁਖਦੇਵ ਦੇ ਬੇਕਸੂਰ ਹੋਣ ਦੀ ਹਾਮੀ ਭਰੀ ਤੇ ਸੁਖਦੇਵ ਨੂੰ ਘਰ ਲੈ ਆਏ।

ਹੁਣ ਹਰ ਵਾਰਦਾਤ ਵਿੱਚ ਹਰਨੇਕ ਦਾ ਨਾਮ ਬੋਲਣ ਲੱਗ ਪਿਆ, ਓਸ ਉੱਤੇ ਕੇਸ ਤੇ ਕੇਸ ਬਣ ਰਹੇ ਸਨ। ਪੁਲਿਸ ਓਹਨੂੰ ਲੱਭਣ ਲਈ ਥੋੜ੍ਹੇ ਦਿਨਾਂ ਬਾਅਦ ਹੀ ਸੁਖਦੇਵ ਨੂੰ ਚੱਕ ਲੈਂਦੀ, ਤੇ ਮਾਰ ਕੁੱਟ ਕਰਦੀ। ਉਹਨਾਂ ਦੇ ਘਰ ਆ ਕੇ ਪਰਿਵਾਰ ਨੂੰ ਜਲੀਲ ਕਰਦੀ। ਸੁਖਦੇਵ ਬਹੁਤ ਦੁਖੀ ਹੋ ਗਿਆ ਸੀ, ਓਹ ਹਰਨੇਕ ਨੂੰ ਕੋਸਦਾ ਕਿ ਓਸਨੇ ਇਹ ਕਿਸ ਪੰਗੇ ਚ ਸਭ ਨੂੰ ਫਸਾ ਦਿੱਤਾ ਸੀ। ਅਖੀਰ ਸੁਖਦੇਵ ਨੇ ਘਰੋ ਭੱਜ ਜਾਣ ਦਾ ਫੈਸਲਾ ਕੀਤਾ, ਪਰਿਵਾਰ ਨੂੰ ਵੀ ਇਹ ਹੋ ਗਿਆ ਸੀ ਕਿ ਕਿਤੇ ਸੁਖਦੇਵ ਨੂੰ ਵੀ ਕਿਸੇ

ਕੇਸ ਚ ਫਸਾ ਕੇ ਮਾਰ ਨਾ ਦਿੱਤਾ ਜਾਵੇ। ਸਾਰੇ ਪਰਿਵਾਰ ਨੇ ਓਸਨੂੰ ਘਰੋ ਕਿਤੇ ਚਲੇ ਜਾਣ ਲਈ ਕਿਹਾ। ਸੁਖਦੇਵ ਨੇ ਘਰ ਦਿਆਂ ਨੂੰ ਦੱਸਿਆ ਕਿ ਓਹ ਦਿੱਲੀ ਆਪਣੇ ਕਿਸੇ ਦੋਸਤ ਕੋਲ ਚਲਾ ਜਾਵੇਗਾ, ਤੇ ਸਾਰਾ ਮਾਹੌਲ ਸਹੀ ਹੋਣ ਤੇ ਵਾਪਿਸ ਆ ਜਾਵੇਗਾ। ਇੱਕ ਦਿਨ ਸਵੇਰੇ ਮੂੰਹ ਹਨੇਰੇ ਸੁਖਦੇਵ ਘਰੋ ਨਿਕਲ਼ ਗਿਆ। ਹੁਣ ਜਦ ਪੁਲਿਸ ਆਉਂਦੀ ਤਾਂ ਪਰਿਵਾਰ ਵਾਲੇ ਕਹਿ ਦਿੰਦੇ ਕੇ ਤੁਹਾਡਾ ਸਤਾਇਆ ਹੋਇਆ ਓਹ ਪਤਾ ਨਹੀਂ ਕਿੱਧਰ ਚਲਾ ਗਿਆ ਹੈ।

ਇੱਕ ਸਾਲ ਹੋ ਗਿਆ ਸੀ, ਫੇਰ ਓਹੀ ਜੇਠ ਹਾੜ ਦੇ ਦਿਨ ਆ ਗਏ, ਪਰਿਵਾਰ ਵਾਲਿਆਂ ਨੂੰ ਨਾ ਹਰਨੇਕ ਦੀ ਕੋਈ ਸੂਹ ਸੀ, ਨਾ ਸੁਖਦੇਵ ਨੇ ਕੋਈ ਥੋਂ ਪਤਾ ਦਿੱਤਾ ਸੀ। ਜੋਗਿੰਦਰ ਸਿਓਂ ਸੀਰੀਆਂ ਦੇ ਸਿਰ ਤੇ ਖੇਤੀਬਾੜੀ ਦਾ ਕੰਮ ਦੇਖ ਰਿਹਾ ਸੀ। ਬਲਜੀਤ ਤੇ ਸ਼ਵਿੰਦਰ ਨੂੰ ਝੋਰਾ ਅੰਦਰੋਂ ਅੰਦਰੀ ਖਾਈ ਜਾਂਦਾ ਸੀ ਕਿ ਪਤਾ ਨਹੀਂ ਹਰਨੇਕ ਤੇ ਸੁਖਦੇਵ ਜਿਊਂਦੇ ਵੀ ਹੈ ਕਿ ਨਹੀਂ। ਇੱਕ ਦਿਨ ਸਿਖ਼ਰ ਦੁਪਹਿਰੇ ਬਾਹਰ ਦਾ ਬੂਹਾ ਖੁੱਲਾ ਸੀ, ਸ਼ਵਿੰਦਰ ਕੋਰ ਨੂੰ ਕੋਈ ਦਰਵਾਜ਼ਾ ਬੰਦ ਕਰਕੇ ਕਾਹਲੀ ਕਾਹਲੀ ਅੰਦਰ ਆਉਂਦਾ ਦਿੱਸਿਆ ਤਾਂ ਓਹ ਡਰ ਗਈ ਤੇ ਬੋਲੀ ਕੌਣ ਆ? ਜਦੋਂ ਉਹ ਵਰਾਂਡੇ ਦੇ ਕੋਲ ਆਇਆ ਤਾਂ ਸਵਿੰਦਰ ਦੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ, ਤੁਸੀਂ?? ਸਾਹਮਣੇ ਹਰਨੇਕ ਖੜਾ ਸੀ।....ਹਾਂ ਮੈਂ ਸ਼ਵਿੰਦਰ! ਕੀ ਹਾਲ ਹੈ। ਕਿੱਥੇ ਨੇ ਸਾਰੇ? ਬੋਲਦਾ ਹੋਇਆ ਹਰਨੇਕ ਅੰਦਰ ਆ ਗਿਆ। ਜੋਗਿੰਦਰ ਸਿੰਘ ਮੰਜੇ ਤੇ ਪਿਆ ਆਰਾਮ ਕਰਦਾ ਸੀ, ਹਰਨੇਕ ਓਸਦੇ ਕੋਲ ਜਾ ਕੇ ਹੱਸਦਾ ਬੋਲਿਆ, ਚਾਚਾ ਤਗੜਾ ਐ?.... ਵਾਹਿਗੁਰੂ ਵਾਹਿਗੁਰੂ! ਜੋਗਿੰਦਰ ਸਿੰਘ ਤ੍ਰਬਕ ਕੇ ਉੱਠਿਆ, ਹਰਨੇਕ ਨੇ ਜੋਗਿੰਦਰ ਨੂੰ ਜੱਫੀ ਚ ਲੈ ਲਿਆ।.... ਓ ਪੁੱਤਰਾ ਬੁੱਢਿਆ ਹੱਡਾਂ ਨੂੰ ਜਿਹੜੇ ਰੋਗ ਲੱਗ ਗਏ ਨੇ ਸਹੀ ਕਿੱਥੇ ਹੋਣੇ। ਤੂੰ ਤਾਂ ਸਾਨੂੰ ਜਿਉਂਦਿਆਂ ਹੀ ਮਾਰ ਦਿੱਤਾ ਏ।.....ਕੋਈ ਨਾ ਚਾਚਾ ਸਭ ਸਹੀ ਹੋਜੂ। ਸਾਰਾ ਪਰਿਵਾਰ ਹਰਨੇਕ ਦੇ ਆਲੇ ਦੁਆਲੇ ਇਕੱਠਾ ਹੋ ਗਿਆ। ਹਰਨੇਕ ਨੇ ਜਵਾਕਾਂ ਨੂੰ ਆਵਦੀ ਗੋਦੀ ਚ ਲੈ ਲਿਆ। ਜੋਗਿੰਦਰ ਨੇ ਸਾਰੀ ਗੱਲ ਹਰਨੇਕ ਨੂੰ ਸੁਣਾਈ ਕਿਵੇਂ ਪੁਲਿਸ ਨੇ ਸੁਖਦੇਵ ਨੂੰ ਤੇ ਸਾਰੇ ਪਰਿਵਾਰ ਨੂੰ ਤੰਗ ਕੀਤਾ।.....ਚਾਚਾ

ਮੈਂ ਇੱਥੇ ਨਹੀਂ ਹੈਗਾ ਸੀ, ਨਹੀਂ ਓਸ ਥਾਣੇਦਾਰ ਕੀ ਮਜ਼ਾਲ ਸੀ ਤੁਹਾਨੂੰ ਤੰਗ ਕਰਦਾ।.....ਪੁੱਤਰਾ ਜਿਹੜੇ ਰਾਹ ਤੂੰ ਤੁਰ ਪਿਆ ਏ, ਮੈਨੂੰ ਇਹ ਘਰ ਨੂੰ ਆਉਂਦਾ ਨਹੀਂ ਲੱਗਦਾ।.....ਕੌਮ ਨੂੰ ਆਵਦੇ ਹੱਕ ਦਵਾਉਣ ਲਈ ਸਾਨੂੰ ਘਰਾਂ ਚੋਂ ਨਿਕਲਣਾ ਹੀ ਪੈਣਾ ਚਾਚਾ।.... ਮੈਂ ਫੇਰ ਵੀ ਤੈਨੂੰ ਕਹਿਣਾ ਹਰਨੇਕ ਕਿਸੇ ਵਕੀਲ ਨੂੰ ਕਰਕੇ ਪੇਸ਼ ਹੋਜਾ ਕਚਹਿਰੀ ਚ, ਨਹੀਂ ਰੱਬ ਨਾ ਕਰੇ ਤੈਨੂੰ ਕਿਸੇ ਮੁਕਾਬਲੇ..ਕਹਿੰਦਾ ਕਹਿੰਦਾ ਜੋਗਿੰਦਰ ਸਿੰਘ ਅੱਖਾਂ ਭਰ ਆਇਆ .... ਚਾਚਾ ਹੁਣ ਬਹੁਤ ਦੇਰ ਹੋ ਗਈ ਆ, ਨਾਲੇ ਕੋਈ ਗੱਲ ਨਹੀਂ ਜੇ ਮੌਤ ਐਦਾਂ ਹੀ ਆਉਣੀ ਆ ਤਾਂ ਕੋਈ ਗਮ ਨਹੀਂ, ਕੌਮ ਲਈ ਸ਼ਹੀਦ ਹੋਵਾਗੇ। ਥੋੜ੍ਹਾ ਸਮਾਂ ਪਰਿਵਾਰ ਨਾਲ ਬਿਤਾ ਕੇ ਹਰਨੇਕ ਚਲਾ ਗਿਆ ਤੇ ਸੱਭ ਨੂੰ ਕਹਿ ਗਿਆ ਕੇ ਓਸਦੀ ਉਡੀਕ ਨਾ ਕਰਨ।

ਓਧਰ ਸੁਖਦੇਵ ਦਿੱਲ੍ਹੀ ਆਪਣੇ ਦੋਸਤ ਕੋਲ ਗਿਆ ਤੇ ਓਥੇ ਰਹਿੰਦਿਆਂ ਓਸਦੇ ਦੋਸਤ ਨੇ ਓਹਨੂੰ ਪੰਜਾਬ ਤੇ ਦਿੱਲੀ ਦੇ ਹਾਲਾਤਾਂ ਬਾਰੇ ਦੱਸਿਆ ਕਿ ਇਹ ਜਲਦੀ ਠੀਕ ਹੋਣ ਵਾਲੇ ਨਹੀਂ। ਓਸਨੇ ਸੁਖਦੇਵ ਨੂੰ ਕਿਸੇ ਟਰੈਵਲ ਏਜੰਟ ਨਾਲ ਮਿਲਾਇਆ, ਜਿਹੜਾ ਬੰਦੇ ਬਾਹਰ ਭੇਜਦਾ ਸੀ। ਉਸਨੇ ਕਿਸੇ ਤਰਾਂ ਸੁਖਦੇਵ ਦਾ ਪਾਸਪੋਰਟ ਬਣਵਾ ਕੇ ਇੰਗਲੈਂਡ ਦਾ ਵੀਜ਼ਾ ਲਗਵਾ ਦਿੱਤਾ। ਸੁਖਦੇਵ ਇੰਗਲੈਂਡ ਪਹੁੰਚ ਗਿਆ ਸੀ, ਇੱਥੇ ਆ ਕੇ ਓਸਨੂੰ ਬਹੁਤ ਸੰਘਰਸ਼ ਕਰਨਾ ਪਿਆ। ਹਰਨੇਕ ਹੁਣ ਆਵਦੇ ਏਰੀਏ ਚ ਹੀ ਰਹਿੰਦਾ ਸੀ, ਲੋਕਾਂ ਦੇ ਕਈ ਮਾਮਲਿਆਂ ਚ ਉਹਨਾਂ ਦੇ ਰਾਜ਼ੀਨਾਮੇ ਵੀ ਕਰਵਾ ਦਿੰਦਾ। ਇੱਕ ਵਾਰ ਦਰਿਆ ਤੇ ਕਿਸੇ ਪਿੰਡ ਚ ਕਿਸੇ ਦੀ ਜ਼ਮੀਨ ਦਾ ਰੌਲਾ ਸੀ, ਹਰਨੇਕ ਉੱਥੇ ਸੀ। ਸੁਲੱਖਣ ਨੂੰ ਇਸ ਦੀ ਭਿਣਕ ਪੈ ਗਈ ਸੀ, ਉਸਨੇ ਪੁਲਿਸ ਨੂੰ ਇਤਲਾਹ ਕਰ ਦਿੱਤੀ। ਦਰਿਆ ਦੇ ਕੰਢੇ ਤੇ ਪੁਲਿਸ ਨੇ ਹਰਨੇਕ ਨੂੰ ਘੇਰਾ ਪਾ ਲਿਆ। ਹਾੜ੍ਹ ਦੇ ਮਹੀਨੇ ਦਰਿਆ ਦੇ ਕੰਢੇ ਗਰਮ ਰੇਤਲੇ ਟਿੱਬਿਆਂ ਚ ਹਰਨੇਕ ਦਾ ਪੁਲਿਸ ਮੁਕਾਬਲਾ ਬਣ ਗਿਆ ਤੇ ਉਹ ਮਾਰ ਦਿੱਤਾ ਗਿਆ।

ਸਾਰੇ ਪਿੰਡ ਚ ਗੱਲ ਉੱਡ ਗਈ, ਨੇਕ ਮਾਰ ਤਾ ਪੁਲਿਸ ਨੇ। ਸਾਰੇ ਪਰਿਵਾਰ ਦਾ ਰੋ ਰੋ ਬੁਰਾ ਹਾਲ ਹੋ ਗਿਆ ਸੀ, ਪੁਲਿਸ ਨੇ ਤਫਤੀਸ਼ ਕਰਕੇ ਲਾਸ਼ ਪਰਿਵਾਰ ਨੂੰ ਦੇ ਦਿੱਤੀ।

ਸ਼ਵਿੰਦਰ ਕੋਰ ਤਾਂ ਜਿਵੇਂ ਬੁੱਤ ਹੀ ਬਣ ਗਈ ਸੀ, ਨਿੱਕੇ ਨਿੱਕੇ ਬੱਚਿਆਂ ਨੂੰ ਰੋਂਦੇ ਦੇਖ ਪਿੰਡ ਵਾਲਿਆਂ ਦੇ ਦਿਲ ਪਸੀਜ਼ ਰਹੇ ਸਨ। ਪਰਗਟ ਓਦੋਂ 4 ਸਾਲ ਤੇ ਜਗਦੇਵ ਢਾਈ ਕੂ ਸਾਲ ਦਾ ਸੀ, ਜਗਮੀਤ ਵੀ ਦੋ ਕੂ ਸਾਲ ਦਾ ਸੀ। ਜੋਗਿੰਦਰ ਸਿੰਘ ਨੇ ਘਰ ਦੇ ਕੋਲ ਹੀ ਆਪਣੀ ਜ਼ਮੀਨ ਚ ਹਰਨੇਕ ਦਾ ਸੰਸਕਾਰ ਕਰ ਦਿੱਤਾ।

ਸੁਖਦੇਵ ਨੂੰ ਗਏ ਦੋ ਸਾਲ ਹੋ ਗਏ ਸਨ, ਪਰ ਓਸਨੇ ਕੋਈ ਖ਼ਬਰ ਨਹੀਂ ਦਿੱਤੀ ਸੀ। ਫ਼ਿਕਰਾਂ ਚ ਡੁੱਬਿਆ ਜੋਗਿੰਦਰ ਸਿੰਘ ਵੀ ਹੁਣ ਕਾਫੀ ਢਿੱਲਾ ਮੱਠਾ ਰਹਿੰਦਾ ਸੀ। ਇੱਕ ਦਿਨ ਕਿਸੇ ਨੇ ਬੂਹੇ ਚ ਆ ਕੇ ਸਾਈਕਲ ਦੀ ਟੱਲੀ ਵਜ਼ਾਈ। ਬਲਜੀਤ ਕੌਰ ਨੇ ਦੇਖਿਆ ਤਾਂ ਬਾਹਰ ਡਾਕੀਆ ਖੜਾ ਸੀ। " ਬਲਜੀਤ ਕੌਰ ਦੇ ਨਾਮ ਚਿੱਠੀ ਹੈ ਜੀ" ਡਾਕੀਏ ਨੇ ਚਿੱਠੀ ਕੱਢ ਦਿਆਂ ਕਿਹਾ।....ਹਾਂਜੀ ਮੇਰਾ ਨਾਮ ਬਲਜੀਤ ਹੈ। ... ਇੱਥੇ ਦਸਤਖ਼ਤ ਕਰ ਦੇਵੋ ਜੀ। ਚਿੱਠੀ ਫੜ੍ਹ ਕੇ ਬਲਜੀਤ ਅੰਦਰ ਆ ਗਈ, ਸੋਚਣ ਲੱਗ ਪਈ ਕੇ ਕਿਸਦੀ ਚਿੱਠੀ ਹੋਵੇਗੀ। ਚਿੱਠੀ ਪੜ੍ਹ ਕੇ ਸਭ ਖੁਸ਼ ਹੋ ਗਏ, ਸੁਖਦੇਵ ਦੀ ਚਿੱਠੀ ਸੀ, ਓਸਨੇ ਨੇ ਇੰਗਲੈਂਡ ਤੋਂ ਪਾਈ ਸੀ। ਉਸਨੇ ਲਿਖਿਆ ਸੀ ਕੇ ਉਹ ਠੀਕ ਠਾਕ ਹੈ, ਪਰ ਹਜੇ ਕੱਚਾ ਹੈ। ਜਦੋਂ ਪੱਕਾ ਹੋ ਜਾਵੇਗਾ ਤਾਂ ਉਹਨਾਂ ਨੂੰ ਵੀ ਬੁਲਾ ਲਵੇਗਾ। ਉਸਨੇ ਲਿਖਿਆ ਕੇ ਦੱਸੇ ਹੋਏ ਪਤੇ ਤੇ ਓਸਨੂੰ ਚਿੱਠੀ ਲਿਖ ਕੇ ਹਾਲ ਚਾਲ ਦੱਸਿਆ ਜਾਵੇ। ਬਲਜੀਤ ਨੇ ਚਿੱਠੀ ਲਿਖ ਕੇ ਸੁਖਦੇਵ ਨੂੰ ਹਰਨੇਕ ਬਾਰੇ ਚਿੱਠੀ ਚ ਲਿਖ ਦਿੱਤਾ। ਹਰਨੇਕ ਦਾ ਸੁਣ ਕੇ ਸੁਖਦੇਵ ਦਾ ਬੁਰਾ ਹਾਲ ਹੋ ਗਿਆ। " ਓਹ ਰੱਬਾ ਇਹ ਕਿਹੋ ਜਿਹਾ ਸਮਾਂ ਦਿਖਾ ਦਿੱਤਾ ਤੂੰ ਮੈਨੂੰ"। ਸੁਖਦੇਵ ਨੇ ਕਿਸੇ ਤਰਾਂ ਆਪਣੇ ਆਪ ਨੂੰ ਸੰਭਾਲਿਆ ਸੀ। ਸੁਖਦੇਵ ਨੇ ਇੱਕ ਹੋਰ ਚਿੱਠੀ ਲਿਖੀ ਕੇ ਘਰ ਟੈਲੀਫੋਨ ਲਗਵਾਉਣ ਨੂੰ ਕਿਹਾ। ਓਸ ਸਮੇ ਪਿੰਡ ਚ ਸਰਪੰਚ ਤੋਂ ਬਿਨਾਂ ਕਿਸੇ ਦੇ ਘਰ ਟੈਲੀਫੋਨ ਨਹੀਂ ਸੀ, ਓਹ ਵੀ ਥੋੜ੍ਹੀ ਦੇਰ ਪਹਿਲਾਂ ਹੀ ਲੱਗਾ ਸੀ। ਬਲਜੀਤ ਨੇ ਭੱਜ ਦੌੜ ਕਰਕੇ ਘਰ ਟੈਲੀਫੋਨ ਲਗਵਾ ਲਿਆ, ਹੁਣ ਸੁਖਦੇਵ ਉਹਨਾਂ ਨਾਲ ਫੋਨ ਤੇ ਸੁੱਖ ਦੁੱਖ ਕਰ ਲੈਂਦਾ ਸੀ।

ਦਸ ਸਾਲਾਂ ਬਾਅਦ ਸੁਖਦੇਵ ਇੰਗਲੈਂਡ ਚ ਪੱਕਾ ਹੋ ਗਿਆ ਸੀ। ਜਦੋਂ ਪਰਿਵਾਰ ਦੇ ਕਾਗਜ਼ ਭਰਨ ਲੱਗਾ ਤਾਂ ਓਹਨੂੰ ਪਤਾ ਲੱਗਾ ਕਿ ਸਿਰਫ ਆਵਦੀ ਘਰਵਾਲੀ ਤੇ ਬੱਚਿਆਂ ਨੂੰ ਲਿਆ ਸਕਦਾ ਹੈ। ਘਰਦਿਆਂ ਨਾਲ ਸਲਾਹ ਕਰਕੇ ਓਹਨੇ ਪਰਗਟ ਨੂੰ ਗੋਦ ਲੈ ਲਿਆ ਤੇ ਉਸਨੇ ਬਲਜੀਤ, ਪਰਗਟ ਤੇ ਜਗਮੀਤ ਦੇ ਕਾਗਜ਼ ਭਰ ਦਿੱਤੇ। ਜਲਦੀ ਹੀ ਉਹ ਤਿੰਨੇ ਜਣੇ ਸੁਖਦੇਵ ਕੋਲ ਇੰਗਲੈਂਡ ਪਹੁੰਚ ਗਏ ਸਨ।..... ਮੈਂ ਕਿਹਾ ਜੀ ਸੁਣਦੇ ਹੋ? ਬਲਜੀਤ ਨੇ ਸੋਚਾਂ ਚ ਡੱਬੇ ਸੁਖਦੇਵ ਨੂੰ ਹਿਲਾਇਆ। ਕਿੱਥੇ ਗਵਾਚੇ ਪਏ ਹੋ? ਰੋਟੀ ਤਿਆਰ ਹੈ ਖਾਹ ਲਵੋ ਆ ਕੇ।.... ਹਾਂ! ਬੀਤੇ ਸਮੇਂ ਦੀਆਂ ਯਾਦਾਂ ਚ ਵਹਿ ਗਿਆ ਸੀ। ਉੱਠਦਾ ਹੋਇਆ ਸੁਖਦੇਵ ਅੰਦਰ ਚਲਾ ਜਾਂਦਾ ਹੈ।

ਉੱਡ ਵੇਂ ਜਹਾਜਾ ਹੁਣ ਛੇਤੀ ਛੇਤੀ ਪੂਰਾ ਕਰ ਸਾਡੇ ਦਿਲ ਦੇ ਖਵਾਬ ਨੂੰ,

ਪਲ ਦੀ ਵੀ ਦੇਰ ਸਾਨੂੰ ਨਹੀਓ ਮਨਜ਼ੂਰ ਲੈ ਚੱਲ ਵਤਨ ਪੰਜਾਬ ਨੂੰ!

2001 ਪੰਜਾਬ

ਕਿਵੇਂ ਜੱਗੇ ਪੁੱਤਰਾ, ਅੱਜ ਗਿਆ ਨਹੀਂ ਪੜਨ ਤੂੰ, ਜਿੰਦਰੇ ਨਾਲ ਵੱਟਾਂ ਪਾਉਂਦੇ ਮੀਤੇ ਨੇ ਜਗਦੇਵ ਨੂੰ ਆਉਂਦੇ ਦੇਖ ਕੇ ਆਵਾਜ਼ ਦਿੱਤੀ।.... ਨਾ ਚਾਚਾ, ਤਾਏ ਹੁਣੀ ਆ ਰਹੇ ਨੇ, ਹੁਣ ਨਹੀਂ ਜਾਂਦੇ ਤਿੰਨ ਚਾਰ ਦਿਨ ਪੜਨ, ਜਗਦੇਵ ਨੇ ਖੁਸ਼ ਹੁੰਦੇ ਨੇ ਕਿਹਾ।....ਆਹਾਂ! ਪੁੱਤਰਾ ਤਾਏ ਤੇਰੇ ਦੇ ਆਉਣ ਦੀ ਖੁਸ਼ੀ ਤੇਰੇ ਨਾਲੋ ਵੱਧ ਤਾਂ ਮੈਨੂੰ ਚੜੀ ਪਈ ਆ।ਐਨੇ ਸਾਲਾਂ ਬਾਅਦ ਆ ਰਿਹਾ ਬਾਈ ਮੇਰਾ। ਹਰਨੇਕ ਦੇ ਤੁਰ ਜਾਣ ਤੇ ਸੁਖਦੇਵ ਦੇ ਇੰਗਲੈਂਡ ਜਾਣ ਮਗਰੋਂ ਮੀਤੇ ਨੇ ਖੇਤੀਬਾੜੀ ਦਾ ਸਾਰਾ ਕੰਮ ਸੰਭਾਲਿਆ ਹੋਇਆ ਸੀ। ਪਰਿਵਾਰ ਦੇ ਹਰ ਦੁੱਖ ਸੁੱਖ ਚ ਨਾਲ ਖੜਾ ਸੀ। ਜੋਗਿੰਦਰ ਸਿੰਘ ਦੇ ਪਰਿਵਾਰ ਨੇ ਵੀ ਮੀਤੇ ਨੂੰ ਹਮੇਸ਼ਾ ਘਰ ਦਾ ਮੈਂਬਰ ਸਮਝਿਆ ਸੀ। ਮੀਤਾ ਬੇਸ਼ੱਕ ਆਪ ਘਰੋ ਠੀਕ ਠਾਕ ਸੀ, ਪਰ ਜੋਗਿੰਦਰ ਸਿੰਘ ਦੇ ਪਰਿਵਾਰ ਨੇ ਓਹਨੂੰ ਕਦੇ ਕਿਸੇ ਚੀਜ਼ ਦੀ ਘਾਟ ਨਹੀਂ ਰਹਿਣ ਦਿੱਤੀ ਸੀ। ਮੀਤੇ ਨੇ ਵੀ ਹਰਨੇਕ ਨਾਲ ਲੱਗੀ ਗੂੜ੍ਹੀ ਯਾਰੀ ਨੂੰ

ਦਿਲ ਨਾਲ ਨਿਭਾਇਆ ਸੀ।.....ਚੰਗਾ ਚਾਚਾ ਸ਼ਾਮ ਨੂੰ ਮਿਲਦੇ ਆ, ਮੈਂ ਜਰਾ ਸ਼ਹਿਰ ਨੂੰ ਜਾਣਾ, ਸਮਾਨ ਮੰਗਵਾਇਆ ਮਾਤਾ ਨੇ, ਆਜੀ ਟਾਈਮ ਨਾਲ, ਪੰਜ ਕ ਵੱਜਦੇ ਨੂੰ ਆ ਜਾਣਾ ਉਹਨਾਂ ਨੇ। ....ਚੰਗਾ ਚੰਗਾ! ਬਸ ਮੈਂ ਵੀ ਓਦੋਂ ਤੱਕ ਹੋ ਜਾਣਾ ਵੇਹਲੇ ਬਸ, ਮੀਤਾ ਫੇਰ ਸੀਰੀ ਨਾਲ ਵੱਟਾਂ ਬਣਾਉਣ ਲੱਗ ਪਿਆ।

ਆਥਣ ਵੇਲੇ ਸੂਰਜ ਦੀ ਟਿੱਕੀ ਛਿਪਣ ਮਗਰੋਂ ਬੱਦਲਾਂ ਚ ਗੂੜ੍ਹੀ ਲਾਲੀ ਜਿਹੀ ਛਾਈ ਹੋਈ ਸੀ ਕਿ ਜਦ ਗੱਡੀ ਪਿੰਡ ਚੋਂ ਲੰਘ ਰਹੀ ਸੀ। ਸੁਖਦੇਵ ਜਿਵੇਂ ਕਿਸੇ ਸੁਪਨੇ ਜਿਹੇ ਚ ਗਵਾਚਿਆ ਹੋਇਆ ਸੀ। .... ਲਓ ਜੀ ਆ ਗਿਆ ਘਰ ਅਪਣਾ, ਬਲਜੀਤ ਕੌਰ ਦੀ ਆਵਾਜ਼ ਨਾਲ ਜਿਵੇਂ ਸੁਖਦੇਵ ਦਾ ਕੋਈ ਖਿਆਲ ਟੁੱਟ ਗਿਆ ਹੋਵੇ... ਓ ਵਾਹਿਗੁਰੂ ਸ਼ੁਕਰ ਤੇਰਾ! ਸੁਖਦੇਵ ਨੇ ਗੱਡੀ ਦੀ ਬਾਰੀ ਨੂੰ ਖੋਲ੍ਹਿਆ।..... ਸਤਿ ਸ੍ਰੀ ਆਕਾਲ ਤਾਇਆ ਜੀ! ਜਗਦੇਵ ਨੇ ਸੁਖਦੇਵ ਦੇ ਪੈਰੀ ਹੱਥ ਲਗਾਏ.... ਓ ਬੱਲੇ ਮੇਰਿਆ ਸ਼ੇਰਾ! ਸਾਰਾ ਪਰਿਵਾਰ ਇੱਕ ਦੂਜੇ ਨੂੰ ਗਲ ਲੱਗ ਲੱਗ ਮਿਲਿਆ। ਸੁਖਦੇਵ ਜੋਗਿੰਦਰ ਸਿੰਘ ਦੇ ਕਮਰੇ ਚ ਵੜਿਆ, ਜੋਗਿੰਦਰ ਸਿੰਘ ਹੁਣ ਬਹੁਤ ਕਮਜ਼ੋਰ ਹੋ ਚੁੱਕਾ ਸੀ, ਬਹੁਤਾ ਚੱਲ ਫਿਰ ਨਹੀਂ ਹੁੰਦਾ ਸੀ, ਸੁਖਦੇਵ ਨੂੰ ਦੇਖ ਕੇ ਉਹ ਖੂੰਡੀ ਫੜ ਕੇ ਉੱਠ ਪਿਆ।.... ਓ ਮੇਰਿਆ ਬੱਚਿਆ, ਓ ਮੇਰਿਆ ਬੱਚਿਆ! ਜੋਗਿੰਦਰ ਸਿੰਘ ਰੋਣ ਲੱਗ ਪਿਆ। ਸੁਖਦੇਵ ਸਿੰਘ ਨੇ ਮੱਥਾ ਟੇਕ ਕੇ ਚਾਚੇ ਨੂੰ ਘੁੱਟ ਕੇ ਜੱਫੀ ਚ ਲੈ ਲਿਆ।.... ਬਸ ਬਸ ਚਾਚਾ! ਕਿਸੇ ਤਰਾਂ ਸੁਖਦੇਵ ਨੇ ਆਪਣੇ ਹੌਕਿਆਂ ਨੂੰ ਰੋਕਿਆ।.....ਚਾਚਾ ਕੀ ਹਾਲ ਆ ਸਿਹਤ ਦਾ ਠੀਕ ਰਹਿਣਾਂ?....ਠੀਕ ਤਾਂ ਪੁੱਤ ਹੁਣ ਬਸ ਵਾਹਿਗੁਰੂ ਨੂੰ ਪਤਾ, ਤੇਰਾ ਮੂੰਹ ਦੇਖ ਲਿਆ ਬਸ ਪੁੱਤਰਾ ਹੁਣ ਭਾਵੇਂ ਕੱਲ ਦੀ ਆਉਂਦੀ ਅੱਜ ਆ ਜਾਵੇ। ਅਸਲ ਚ ਜੋਗਿੰਦਰ ਸਿੰਘ ਨੂੰ ਦਮੇ ਦੀ ਬਿਮਾਰੀ ਕਾਫੀ ਵਧ ਗਈ ਸੀ।.....ਚਾਚਾ ਫ਼ਿਕਰ ਨਾ ਕਰ ,ਹੁਣ ਨਹੀਂ ਤੈਨੂੰ ਜਾਣ ਦਿੰਦੇ ਜਲਦੀ, ਸੁਖਦੇਵ ਨੇ ਹੱਸ ਕੇ ਕਿਹਾ। ਸੁਖਦੇਵ ਤੇ ਸਾਰੇ ਪਰਿਵਾਰ ਨੇ ਇੱਕ ਦੂਜੇ ਦਾ ਹਾਲ ਪੁੱਛਿਆ। ਪਾਣੀ ਪੀ ਕੇ ਸੁਖਦੇਵ ਬਾਹਰ ਨਿਕਲ ਆਇਆ, ਮੀਤਾ ਵੀ ਓਹਦੇ ਨਾਲ ਬਾਹਰ ਆ ਗਿਆ। ਸੁਖਦੇਵ ਸਿੰਘ ਨੂੰ ਸਾਰਾ ਕੁੱਝ ਉਹੀ 16 ਸਾਲ ਪੁਰਾਣਾ ਸੀਨ ਯਾਦ ਆ ਰਿਹਾ ਸੀ। ਮੋਟਰ , ਟਰੈਕਟਰ ਤੇ

ਡੰਗਰਾਂ ਵਾਲਾ ਵਰਾਂਡਾ ਦੇਖਦਾ ਦੇਖਦਾ ਓਹ ਬਾਹਰ ਅੰਬ ਦੇ ਦਰਖ਼ਤ ਜਿਹੜਾ ਨਿਆਈ ਵਾਲੀ ਪੈਲੀ ਚ ਹੀ ਲੱਗਾ ਹੋਇਆ ਸੀ ਕੋਲ ਆ ਗਿਆ। ਫੇਰ ਓਹ ਕਾਹਲੀ ਕਾਹਲੀ ਤੁਰ ਪਿਆ ਜਿੱਥੇ ਹਰਨੇਕ ਦਾ ਸੰਸਕਾਰ ਕੀਤਾ ਸੀ। ਸੰਸਕਾਰ ਵਾਲੀ ਓਹਨੀ ਕੂ ਜਗ੍ਹਾ ਛੱਡੀ ਹੋਈ ਸੀ। ਸੁਖਦੇਵ ਉੱਥੇ ਜਾਂਦਿਆਂ ਹੀ ਗੋਡਿਆਂ ਭਾਰ ਡਿੱਗ ਪਿਆ, ਤੇ ਉੱਚੀ ਉੱਚੀ ਰੋਣ ਲੱਗ ਪਿਆ। ਮੀਤਾ ਵੀ ਭੱਜ ਕੇ ਸੁਖਦੇਵ ਕੋਲ ਗਿਆ, ਬਾਈ ਬਸ ਕਰ.. ਬਾਈ.. ਮੀਤਾ ਵੀ ਰੋ ਰਿਹਾ ਸੀ।..... ਪਿਛਲੇ ਪੰਦਰਾਂ ਸਾਲਾਂ ਤੋਂ ਇਹ ਸਿਵਾ ਮੇਰੀ ਹਿੱਕ ਚ ਬਲਦਾ ਮੀਤਿਆ, ਹਾਏ ਮੈਂ ਕਿਉ ਚਲਾ ਗਿਆ ਤੈਨੂੰ ਛੱਡ ਕੇ ਨੇਕ ਓਏ! ਸੁਖਦੇਵ ਉੱਚੀ ਉੱਚੀ ਲੇਰਾਂ ਮਾਰ ਰਿਹਾ ਸੀ।...ਬਾਈ ਸੰਭਾਲ ਆਵਦੇ ਆਪ ਨੂੰ, ਮੀਤੇ ਨੇ ਸੁਖਦੇਵ ਨੂੰ ਸੰਭਾਲਦੇ ਹੋਏ ਕਿਹਾ। ਆਵਾਜ਼ਾਂ ਸੁਣ ਕੇ ਸ਼ਵਿੰਦਰ ਤੇ ਬਲਜੀਤ ਹੁਣੀਆਂ ਵੀ ਬਾਹਰ ਆ ਗਈਆਂ, ਸਾਰੇ ਪਰਿਵਾਰ ਦੀਆਂ ਅੱਖਾਂ ਗਿੱਲੀਆਂ ਹੋ ਗਈਆ ਸਨ।

ਘਰ ਚ ਸੁਖਦੇਵ ਨੂੰ ਮਿਲਣ ਲਈ ਪਿੰਡ ਵਾਲ਼ਿਆਂ ਦਾ ਜਿਵੇਂ ਮੇਲਾ ਲੱਗ ਗਿਆ ਹੋਵੇ। ਸੁਖਦੇਵ ਵੀ ਸਵੇਰੇ ਰੋਟੀ ਪਾਣੀ ਛੱਕ ਕੇ ਪਿੰਡ ਦਾ ਗੇੜਾ ਕੱਢਣ ਨਿਕਲ਼ ਪਿਆ। ਉਹ ਪਿੰਡ ਦੀਆਂ ਉਹ ਸਾਰੀਆਂ ਥਾਵਾਂ ਦੇਖਣ ਗਿਆ ਜਿੱਥੇ ਜਿੱਥੇ ਵੀ ਓਸਦੀਆਂ ਯਾਦਾਂ ਜੁੜੀਆਂ ਹੋਈਆਂ ਸਨ। ਜਿੱਧਰ ਇੱਕ ਪਾਸੇ ਤਾਂ ਖੁਸ਼ੀਆਂ ਮਨਾਈਆਂ ਜਾ ਰਹੀਆਂ ਸਨ, ਓਧਰ ਦੂਜੇ ਪਾਸੇ ਸੁਲੱਖਣ ਸਿੰਘ ਨੂੰ ਸੱਤੀਂ ਕੱਪੜੀਂ ਅੱਗ ਲੱਗੀ ਪਈ ਸੀ। ਉਸਦਾ ਸ਼ਰੀਕ ਜਿਓਂ ਵਾਪਿਸ ਆ ਗਿਆ ਸੀ। ਉੱਪਰੋਂ ਸਾਰੇ ਪਿੰਡ ਚ ਸੁਖਦੇਵ ਦਾ ਰਸੂਖ਼ ਸੁਲੱਖਣ ਤੋਂ ਝੱਲਿਆ ਨਹੀਂ ਜਾ ਰਿਹਾ ਸੀ। ਸੁਲੱਖਣ ਦੀ ਹੁਣ ਸਰਕਾਰੇ ਦਰਬਾਰੇ ਪੂਰੀ ਗੱਲਬਾਤ ਸੀ, ਆਉਂਦੀਆਂ ਚੋਣਾਂ ਚ ਉਹ ਸਰਪੰਚੀ ਲੜਨ ਵਾਲਾ ਸੀ। ਸੁਖਦੇਵ ਦੇ ਆਉਣ ਨਾਲ ਉਹਨੂੰ ਆਪਣਾ ਸਿਆਸੀ ਪਾਲਾ ਵੀ ਸਤਾਉਣ ਲੱਗ ਪਿਆ ਸੀ। ਜ਼ਮੀਨ ਦੀ ਕਾਣੀ ਵੰਡ ਦਾ ਬੇਵਜ੍ਹਾ ਗੁੱਸਾ ਹਰਨੇਕ ਨੂੰ ਮਰਵਾ ਕੇ ਵੀ ਓਹਦੇ ਅੰਦਰੋਂ ਨਿਕਲਿਆ ਨਹੀਂ ਸੀ।

ਸੁਖਦੇਵ ਨੂੰ ਆਏ ਨੂੰ ਮਹੀਨੇਂ ਵਾਂਗ ਹੋ ਚੱਲਿਆ ਸੀ, ਪਰ ਹਜੇ ਤੱਕ ਸੁਲੱਖਣ ਓਹਦੇ ਮੱਥੇ ਨਹੀਂ ਲੱਗਾ ਸੀ। ਸਾਰੇ ਪਿੰਡ ਵਾਂਗ ਸੁਲੱਖਣ ਦੇ ਹਰਨੇਕ ਦੀ ਮੁਖ਼ਬਰੀ

ਕਰਨ ਦਾ ਪਤਾ ਹੋਣ ਦੇ ਬਾਵਜੂਦ ਵੀ ਸੁਖਦੇਵ ਆਵਦੇ ਦਿਲ ਨੂੰ ਕਾਬੂ ਚ ਰੱਖਦਾ, ਤੇ ਓਸ ਸਮੇਂ ਦੇ ਹਾਲਾਤਾਂ ਦੀਆਂ ਬੇਪਰਵਾਹੀਆਂ ਸਮਝ ਕੇ ਭੁੱਲ ਜਾਣਾ ਚਾਹੁੰਦਾ ਸੀ। ਪਰ ਸੁਲੱਖਣ ਹਜੇ ਵੀ ਆਪਣੇਂ ਦਿਲ ਚ ਦੁਸ਼ਮਣੀ ਰੱਖੀ ਬੈਠਾ ਸੀ। ਇੱਕ ਦਿਨ ਸ਼ਾਮ ਨੂੰ ਸੁਲੱਖਣ ਦੇ ਘਰ ਫੇਰ ਮਹਿਫ਼ਿਲ ਜੁੜੀ, ਉਸਨੇ ਆਵਦੀ ਪਹਿਚਾਣ ਦੇ ਪੁਲਿਸ ਇੰਸਪੈਕਟਰ ਨੂੰ ਵੀ ਸੱਦਿਆ ਹੋਇਆ ਸੀ। .....ਦੇਖ ਬਾਈ ਥਾਣੇਦਾਰਾ, ਅੱਜ ਸੁਲੱਖਣ ਸਿੰਘ ਨੂੰ ਤੇਰੀ ਲੋੜ ਪੈ ਗਈ ਆ। ਮੇਰਾ ਕੰਮ ਪੂਰਾ ਕਰਦੇ, ਮੂੰਹ ਮੰਗਿਆ ਇਨਾਮ ਦਊ ਤੈਨੂੰ, ਸੁਲੱਖਣ ਪੂਰਾ ਸ਼ਰਾਬੀ ਹੋਇਆ ਬੈਠਾ ਸੀ। ਸੱਤਾਧਾਰੀ ਪਾਰਟੀ ਵਲੋਂ ਖੜਾ ਹੋਣਾ ਹੋਣ ਕਰਕੇ ਉਸਦੇ ਸਰਪੰਚੀ ਜਿੱਤਣ ਦੇ ਪੂਰੇ ਚਾਂਸ ਸਨ।...... ਲੈ ਸਰਪੰਚ ਸਾਹਬ, ਮੇਰਾ ਮਤਲਬ ਹੋਣ ਵਾਲੇ ਸਰਪੰਚ ਸਾਹਬ, ਤੁਸੀਂ ਹੁਕਮ ਕਰੋ, ਬਾਕੀ ਮੈਂ ਜਾਣਾ ਮੇਰਾ ਕੰਮ। ਥਾਣੇਦਾਰ ਵੀ ਪੂਰਾ ਗੁਲਾਬੀ ਹੋਇਆ ਪਿਆ ਸੀ।.....ਕੰਮ ਬਸ ਇਹ ਆ ਕਿ ਸ਼ਰੀਕ ਨੂੰ ਦੁਬਾਰਾ ਜਹਾਜ ਚੜਾਉਣਾ! ਸੁਖਦੇਵ ਨੇ ਹੱਥ ਵਾਲਾ ਪੈੱਗ ਅੰਦਰ ਸਿੱਟਦੇ ਕਿਹਾ। ਦੇਖ ਮੇਰੀ ਗੱਲ ਸੁਣ, ਇਹਦਾ ਭਰਾ ਹਰਨੇਕ ਸੀ ਖਾੜਕੂ, ਤੇ ਸੁਖਦੇਵ ਵੀ ਓਦੋਂ ਭਗੌੜਾ ਹੋ ਕੇ ਭੱਜਿਆ ਸੀ ਘਰੋਂ। ਹਰਨੇਕ ਕੀ ਪਤਾ ਕਿੰਨਾ ਕੂ ਪੈਸਾ ਰੱਖ ਗਿਆ ਇਹਨਾਂ ਕੋਲੇ, ਸਮਝ ਗਿਆ ਕਿ ਨਹੀਂ ਮੈਂ ਕੀ ਸਮਝਾਉਣਾ? ਸੁਲੱਖਣ ਨੇ ਥਾਣੇਦਾਰ ਨੂੰ ਪੈਂਤੜਾ ਸਮਝਾਇਆ।...... ਹਾਹਾਹਾਹਾ! ਓ ਸਾਡੇ ਚੱਟੇ ਕਦੇ ਹਰੇ ਨਹੀਂ ਹੁੰਦੇ, ਸਭ ਸਮਝ ਗਿਆ ਮੈਂ ਤੇ ਮੈਨੂੰ ਪਤਾ ਵੀ ਆ ਮੈਂ ਕੀ ਕਰਨਾ, ਤੂੰ ਫ਼ਿਕਰ ਨਾ ਕਰ ਸਰਪੰਚਾਂ ਕੰਮ ਹੋ ਗਿਆ ਤੇਰਾ ਸਮਝ, ਥਾਣੇਦਾਰ ਨੇ ਮੁੱਛ ਨੂੰ ਮਰੋੜ ਦਿੰਦੇ ਅੱਖ ਦੇ ਭਰਵੱਟੇ ਨੂੰ ਚੁੱਕਦਿਆਂ ਸੁਲੱਖਣ ਨੂੰ ਭਰੋਸਾ ਦਿੱਤਾ।.....ਆਹ ਹੋਈ ਨਾ ਮਰਦਾਂ ਵਾਲੀ ਗੱਲ, ਚੱਲ ਲਾ ਫੇਰ ਇੱਕ ਇੱਕ ਹੋਰ ਹਾੜਾ! ਗਲਾਸੀ ਨਾਲ ਗਲਾਸੀ ਫੇਰ ਖੜਕ ਪਈ, ਬੈਠਕ ਵਿੱਚ ਹਾਸਾ ਗੂੰਜਣ ਲੱਗ ਪਿਆ।

ਸੁਖਦੇਵ ਸਿੰਘ ਦਾ ਸਾਰਾ ਪਰਿਵਾਰ ਵਿਹੜੇ ਚ ਬੈਠੇ ਹਾਸਾ ਠੱਠਾ ਕਰ ਰਹੇ ਸਨ ਤਾਂ ਬਾਹਰ ਬੂਹੇ ਤੇ ਸਿਪਾਹੀ ਦੇਖ ਕੇ ਬਲਜੀਤ ਕੌਰ ਘਬਰਾ ਗਈ।......ਸੁਖਦੇਵ ਸਿੰਘ ਕਿੱਥੇ ਹੈ? ਸਿਪਾਹੀ ਨੇ ਪੁੱਛਿਆ।..... ਮੈਂ ਸੁਖਦੇਵ ਹਾਂ ਜੀ ,

ਦੱਸੋ ਕੀ ਕੰਮ ਹੈ? ਸੁਖਦੇਵ ਨੇ ਸਿਪਾਹੀ ਕੋਲ ਜਾ ਕੇ ਕਿਹਾ।.....ਤੁਹਾਨੂੰ ਥਾਣੇ ਬੁਲਾਇਆ ਜੀ ਜਨਾਬ ਨੇ। ਹਾਜ਼ਿਰ ਹੋਵੋ।....ਠੀਕ ਹੈ ਤੁਸੀਂ ਚੱਲੋ ਮੈਂ ਆਉਣਾ।......ਸੁਖਦੇਵ ਨੇ ਮੀਤੇ ਨੂੰ ਇਸ਼ਾਰੇ ਨਾਲ ਪਰਗਟ ਤੇ ਜਿੰਮੀ ਹੁਣਾਂ ਨੂੰ ਪਾਸੇ ਲਿਜਾਣ ਲਈ ਕਿਹਾ, ਜਿਹੜੇ ਕਿ ਪੁਲਿਸ ਵਾਲੇ ਨੂੰ ਆਏ ਨੂੰ ਦੇਖ ਰਹੇ ਸਨ।..... ਕੀ ਗੱਲ ਹੈ ਡੈਡੀ ਜੀ? ਕੀ ਕਹਿੰਦੇ ਨੇ ਇਹੇ? ਪਰਗਟ ਨੇ ਸੁਖਦੇਵ ਨੂੰ ਹੈਰਾਨੀ ਨਾਲ ਪੁੱਛਿਆ।.... ਓ ਕੁੱਝ ਨਹੀਂ ਪੁੱਤ ਇੰਸਪੈਕਟਰ ਸਾਹਬ ਨੇ ਕੋਈ ਗੱਲਬਾਤ ਕਰਨੀ ਹੋਊ ਤਾਂ ਸੁਨੇਹਾ ਭੇਜਿਆ ਹੈ।....... ਤੁਸੀਂ ਮੇਰੇ ਨਾਲ ਆਓ ਪੁੱਤ ਤੁਹਾਨੂੰ ਸੂਏ ਵਾਲੀ ਪੈਲੀ ਦਿਖਾ ਕੇ ਲਿਆਉਣਾ ਅੱਜ। ਦੇਖਿਓ ਤੁਹਾਡੇ ਚਾਚੇ ਨੇ ਉੱਥੇ ਕਿਵੇਂ ਬਾਗਬਾਨੀ ਕੀਤੀ ਆ। ਬੜੇ ਬੂਟੇ ਲਗਾਏ ਆਪਾਂ ਫਲਾਂ ਦੇ ਓਥੇ, ਮੀਤੇ ਨੇ ਗੱਲ ਬਦਲਦਿਆਂ ਪਰਗਟ ਹੁਣਾਂ ਨੂੰ ਆਪਣੇ ਨਾਲ ਜਾਣ ਲਈ ਮਨਾਉਂਦਿਆਂ ਕਿਹਾ।.... ਚੱਲ ਚਾਚਾ ਫੇਰ ਚਲਦੇ ਆ ਘੁੰਮ ਕੇ ਆਉਣੇ ਆ! ਪਰਗਟ ਤੇ ਜਿੰਮੀ ਮੀਤੇ ਨਾਲ ਟਰੈਕਟਰ ਤੇ ਬੈਠ ਗਏ, ਜੱਗਾ ਕਾਲਜ ਪੜ੍ਹਨ ਗਿਆ ਹੋਇਆ ਸੀ। ਘਰ ਵਿੱਚ ਐਦਾਂ ਪੁਲਿਸ ਦੇਖ ਕੇ ਬਲਜੀਤ ਕੌਰ ਇੱਕ ਵਾਰ ਡਰ ਗਈ, ਓਸਨੂੰ ਫੇਰ ਓਹੀ 16 ਸਾਲ ਪੁਰਾਣੇ ਦਿਨ ਯਾਦ ਆਉਣ ਲੱਗੇ ਸਨ।.....ਜੀ ਤੁਸੀਂ ਧਿਆਨ ਨਾਲ ਜਾਇਓ, ਮੈਨੂੰ ਬਹੁਤ ਡਰ ਲੱਗ ਰਿਹਾ, ਬਲਜੀਤ ਨੇ ਸੁਖਦੇਵ ਨੂੰ ਖ਼ਬਰਦਾਰ ਕੀਤਾ। ....ਕੋਈ ਗੱਲ ਨਹੀਂ ਮੈ ਜਾ ਕੇ ਆਇਆ, ਸੁਖਦੇਵ ਨੇ ਜੈਕਟ ਚੱਕ ਕੇ ਪਾਈ ਤੇ ਅੰਦਰੋਂ ਆਪਣੇ ਕਾਗਜ਼ ਲੈਕੇ ਮੋਟਰਸਾਈਕਲ ਤੇ ਤੁਰ ਪਿਆ।

ਸਤ ਸ੍ਰੀ ਅਕਾਲ ਜਨਾਬ! ਥਾਣੇ ਚ ਧੁੱਪੇ ਕੁਰਸੀ ਮੇਜ ਲਗਾਈ ਥਾਣੇਦਾਰ ਕੋਲ ਜਾ ਕੇ ਸੁਖਦੇਵ ਨੇ ਕਿਹਾ।..... ਹਾਂ ਬਾਈ ਦੱਸ....ਜੀ ਮੇਰਾ ਨਾਮ ਸੁਖਦੇਵ ਸਿੰਘ ਆ ਤੁਸੀਂ ਬੁਲਾਵਾ ਭੇਜਿਆ ਸੀ।.....ਅੱਛਾ ਅੱਛਾ ਤੂੰ ਐ ਹਰਨੇਕ ਦਾ ਵਲੈਤੀਆ ਭਰਾ ਜਿਹੜਾ ਘਰੋਂ ਭੱਜ ਗਿਆ ਸੀ। ਪੁਲਿਸ ਤੈਨੂੰ ਲੱਭਦੀ ਫਿਰਦੀ ਰਹੀ।.......ਜਨਾਬ ਮੈਂ ਇੱਕ ਜਿੰਮੇਵਾਰ ਨਾਗਰਿਕ ਹਾਂ ਜੀ, ਆਹ ਰਹੇ ਮੇਰੇ ਸਾਰੇ ਇੰਗਲੈਂਡ ਦੇ ਪੇਪਰ, ਸੁਖਦੇਵ ਨੇ ਸਾਰੇ ਕਾਗਜ਼ ਥਾਣੇਦਾਰ ਦੇ ਅੱਗੇ ਰੱਖ ਦਿੱਤੇ। ਨਾਲੇ ਜੀ ਭੱਜਣ ਵਾਲੀ

ਜਿੱਥੋਂ ਤੱਕ ਗੱਲ ਹੈ, ਮੇਰੇ ਤੇ ਕੋਈ ਵੀ ਕੇਸ ਦਰਜ ਨਹੀਂ ਸੀ ਜੀ।..... ਹੂੰ! ਕੋਈ ਨਾ ਕੇਸ ਵੀ ਦੱਸਦਾ ਗੇ ਤੈਨੂੰ, ਕਾਗਜ਼ ਦੇਖਦਿਆਂ ਥਾਣੇਦਾਰ ਬੋਲਿਆ। ਜਿੰਮੇਵਾਰੀ ਤਾਂ ਤੇਰੀ ਦਿੱਸਦੀ ਪਈ ਆ, ਕਿੰਨੇ ਦਿਨ ਹੋ ਗਏ ਏਥੇ ਰਹਿੰਦਿਆਂ ਤੇ ਤੂੰ ਥਾਣੇ ਇਤਲਾਹ ਨਹੀਂ ਕਰਨੀ ਸੀ? ਨਾਲੇ ਜੇਕਰ ਚਲਾ ਗਿਆ ਸੀ ਫੇਰ ਹੁਣ ਪੰਜਾਬ ਕੀ ਕਰਨ ਆਇਆ? ਕੀ ਇਰਾਦਾ ਹੈ? ਥਾਣੇਦਾਰ ਨੇ ਸੁਖਦੇਵ ਨੂੰ ਕਿਸੇ ਮੁਜਰਿਮ ਵਾਂਗੂੰ ਸਵਾਲ ਪੁੱਛੇ।....ਜੀ ਮੈਨੂੰ ਪਤਾ ਨਹੀਂ ਸੀ ਕੇ ਇਤਲਾਹ ਕਰਨੀ ਜਰੂਰੀ ਹੈ, ਇਹਦੇ ਲਈ ਮੈਂ ਮਾਫੀ ਮੰਗਦਾਂ, ਨਾਲੇ ਮੈਂ ਘਰ ਤਾਂ ਆਉਣਾ ਹੀ ਸੀ ਜੀ, ਸਾਡੀ ਜ਼ਮੀਨ ਜਾਇਦਾਦ, ਪਿੱਛੇ ਮੇਰੇ ਭਰਾ ਦਾ ਪਰਿਵਾਰ ਹੈ ਜੀ। ......ਤੇਰੇ ਭਰਾ ਹਰਨੇਕ ਕੋਲੋ ਪੁਲਿਸ ਨੂੰ ਬਹੁਤ ਚੀਜ਼ਾਂ ਬਰਾਮਦ ਨਹੀਂ ਹੋਈਆਂ ਸਨ, ਕਿੰਨਾਂ ਕੁ ਪੈਸਾ ਰੱਖ ਜਾਂਦਾ ਸੀ ਓਹ ਤੁਹਾਡੇ ਕੋਲ਼? ਨਾਲੇ ਤੂੰ ਉਹਦੇ ਹੋਰ ਸਾਥੀਆਂ ਨੂੰ ਤਾਂ ਜਾਣਦਾ ਹੋਵੇਗਾ? ਥਾਣੇਦਾਰ ਨੇ ਜਾਣ ਬੁੱਝ ਕੇ ਸੁਖਦੇਵ ਨੂੰ ਡਰਾਇਆ, ਵੈਸੇ ਉਹਨੂੰ ਪਤਾ ਸੀ ਕਿ ਉਹ ਉਹਦਾ ਕੁੱਝ ਨਹੀਂ ਵਿਗਾੜ ਸਕਦਾ।...... ਕਿਹੋ ਜਿਹੀਆਂ ਗੱਲਾਂ ਕਰਦੇ ਹੋ ਜਨਾਬ! ਸੋਲ਼ਾਂ ਸਾਲਾਂ ਬਾਅਦ ਮੈਂ ਆਇਆ ਪੰਜਾਬ, ਨਾਲੇ ਸਾਡੇ ਕੋਲ ਕਦੇ ਹਰਨੇਕ ਨੇ ਕੁੱਝ ਨਹੀਂ ਰੱਖਿਆ ਸੀ।....ਠੀਕ ਹੈ ਠੀਕ ਹੈ ਕੋਈ ਨੀ ਅਸੀਂ ਕਰ ਲਵਾਂਗੇ ਤਫਤੀਸ਼ ਸਾਰੀ, ਹੁਣ ਤੂੰ ਜਾ ਸਕਦਾ, ਥਾਣੇਦਾਰ ਨੇ ਕਾਗਜ਼ ਸੁਖਦੇਵ ਨੂੰ ਫੜਾਉਂਦਿਆਂ ਕਿਹਾ। ਸੁਖਦੇਵ ਸਿੰਘ ਥਾਣੇਉ ਤਾਂ ਆ ਗਿਆ ਸੀ ਪਰ ਉਹਨੂੰ ਮਹਿਸੂਸ ਹੋ ਰਿਹਾ ਸੀ ਜਿਵੇਂ ਪੁਲਿਸ ਉਸਨੂੰ ਕਿਸੇ ਝੂਠੇ ਕੇਸ ਚ ਫਸਾਉਣਾ ਚਾਹੁੰਦੀ ਹੋਵੇ। ਉਸੇ ਸ਼ਾਮ ਜਦ ਸੁਖਦੇਵ ਸਿੰਘ ਗੁਰੂਦਵਾਰਾ ਸਾਹਿਬ ਮੱਥਾ ਟੇਕ ਕੇ ਵਾਪਿਸ ਆ ਰਿਹਾ ਸੀ ਤਾਂ ਪਹੀ ਤੋਂ ਅਚਾਨਕ ਉਸਦੀ ਨਜ਼ਰ ਸੁਲੱਖਣ ਕੇ ਦਰਵਾਜ਼ੇ ਵੱਲ ਪੈ ਗਈ। ਉਹ ਥਾਣੇਦਾਰ ਤੇ ਸੁਲੱਖਣ ਦਰਵਾਜ਼ੇ ਚ ਖੜੇ ਗੱਲਾਂ ਕਰ ਰਹੇ ਸਨ। ਹੁਣ ਸੁਖਦੇਵ ਨੂੰ ਸਾਰੀ ਗੱਲ ਸਮਝ ਆ ਚੁੱਕੀ ਸੀ। ਉਸਦਾ ਚਿੱਤ ਤਾਂ ਕੀਤਾ ਕੇ ਹੁਣੇ ਜਾ ਕੇ ਉਹਨਾਂ ਨਾਲ ਨਿਪਟ ਲਵੇ, ਪਰ ਫੇਰ ਉਹ ਕੁੱਝ ਸੋਚ ਕੇ ਘਰ ਅੰਦਰ ਚਲਾ ਗਿਆ।

ਜੀ ਮੈਨੂੰ ਬਹੁਤ ਡਰ ਲੱਗ ਰਿਹਾ, ਅੱਗੇ ਵੀ ਸ਼ਰੀਕਾਂ ਨੇ ਸਾਡਾ ਘਰ ਪੱਟਿਆ ਤੇ ਹੁਣ ਫੇਰ ਸਾਡੇ ਮਗਰ ਪਏ ਨੇ। ਤੁਸੀਂ ਐਂਵੇ ਕਰੋ ਜਲਦੀ ਵਾਪਿਸ ਚਲੇ ਜਾਵੋ ਇੰਗਲੈਂਡ, ਬਲਜੀਤ ਕੌਰ ਨੇ ਫ਼ਿਕਰ ਕਰਦੀ ਨੇ ਕਿਹਾ। ਸੁਖਦੇਵ ਸਾਰੀ ਗੱਲ ਉਸਨੂੰ ਦੱਸ ਚੁੱਕਾ ਸੀ।......ਕਮਾਲ ਕਰਦੀ ਆ ਤੂੰ ਬਲਜੀਤ! ਮੈਂ ਕਿਉ ਜਾਵਾਂ ਬਾਹਰ ਐਨੀ ਜਲਦੀ, ਐਨੇ ਸਮੇਂ ਬਾਅਦ ਮੈਂ ਘਰ ਆਇਆ। ਤੂੰ ਸੋ ਜਾ ਕੋਈ ਨਾ ਦੇਖੀ ਜਾਊ ਜੋ ਹੋਊਗਾ, ਸੁਖਦੇਵ ਨੇ ਕਮਰੇ ਦੀ ਲਾਈਟ ਬੰਦ ਕਰ ਦਿੱਤੀ। ਪਰ ਸੁਖਦੇਵ ਨੂੰ ਨੀਂਦ ਨਹੀਂ ਆਈ, ਉਹ ਸੋਚਣ ਲੱਗ ਪਿਆ ਕੇ ਕੀ ਕੀਤਾ ਜਾਵੇ,ਕੀ ਸੱਚੀ ਉਸਨੂੰ ਚਲੇ ਜਾਣਾ ਚਾਹੀਦਾ ਹੈ? ਨਹੀਂ ਨਹੀਂ ਹਰਗਿਜ਼ ਨਹੀਂ! ਮੈਂ ਕਿਸੇ ਤੋਂ ਡਰ ਕੇ ਹੁਣ ਨਹੀਂ ਜਾਵਾਂਗਾ। ਇਹ ਮੇਰਾ ਘਰ ਹੈ ਮੇਰਾ ਪਿੰਡ ਹੈ।ਨਾਲੇ ਹੁਣ ਉਹ ਪਹਿਲਾਂ ਵਾਲੇ ਹਾਲਾਤ ਨਹੀਂ ਰਹੇ। ਸੋਚਾਂ ਚ ਡੱਬੇ ਸੁਖਦੇਵ ਨੂੰ ਪਤਾ ਨਹੀਂ ਲੱਗਾ ਕਦੋਂ ਉਸਨੂੰ ਨੀਂਦ ਆ ਗਈ ਸੀ।

ਬੀਤਿਆਂ ਚੋਂ ਕੁੱਝ ਪਲ ਵਹਿ ਆਉਂਦੇ ਨੇ,

ਕੁੱਝ ਫੁੱਲ ਕੰਡਿਆਂ ਨਾਲ ਖਹਿ ਆਉਂਦੇ ਨੇ!

ਰੱਖਣਾ ਚਾਹੁੰਦਾ ਹਾਂ ਜਿਨ੍ਹਾਂ ਤੋ ਬਣਾ ਕੇ ਦੂਰੀਆਂ,

ਮੇਰੀਆਂ ਖੁਸ਼ੀਆਂ ਚ ਸੱਦਾ ਕਹਿ ਆਉਂਦੇ ਨੇ!

ਇਹ ਪੁਲਿਸ ਨੂੰ ਡੈਡੀ ਨਾਲ ਕੀ ਕੰਮ ਹੋਊ ਚਾਚਾ, ਪਰਗਟ ਨੇ ਖੇਤ ਮੋਟਰ ਤੇ ਬੈਠੇ ਨੇ ਮੀਤੇ ਨੂੰ ਪੁੱਛ ਲਿਆ ਸੀ।.....ਮੀਤੇ ਨੇ ਜਜਬਾਤਾਂ ਚ ਵਹਿ ਕੇ ਪਰਗਟ ਨੂੰ ਸਾਰੀ ਕਹਾਣੀ ਸੁਣਾ ਦਿੱਤੀ ਸੀ, ਕਿ ਕਿਵੇਂ ਸੁਲੱਖਣ ਕਿਆਂ ਨੇ ਉਹਨਾਂ ਨਾਲ ਦੁਸ਼ਮਣੀ ਕੱਢੀ ਸੀ। ਪਰਗਟ ਸਾਰੀ ਗੱਲ ਸੁਣ ਕੇ ਘੁੱਟ ਵੱਟ ਕੇ ਰਹਿ ਗਿਆ ਸੀ। ਓਧਰ ਥਾਣੇਦਾਰ ਨੇ ਵੀ ਸੁਲੱਖਣ ਨੂੰ ਕਹਿ ਦਿੱਤਾ ਕੇ ਮੈਂ ਸੁਖਦੇਵ ਨੂੰ ਡਰਾ ਤਾਂ ਦਿੱਤਾ ਹੈ, ਪਰ ਕਾਨੂੰਨੀ ਤੌਰ ਤੇ ਉਹਨੂੰ ਕੁੱਝ ਨਹੀਂ ਕਹਿ ਸਕਦੇ। ਬਾਕੀ ਸੁਲੱਖਣ ਜਿਵੇਂ ਮਰਜ਼ੀ ਕਰ

ਲਵੇ, ਪੁਲਿਸ ਓਸਨੂੰ ਕੁੱਝ ਨਹੀਂ ਕਹੇਗੀ। ਸੁਲੱਖਣ ਹੁਣ ਹੋਰ ਵਿਉਂਤਾਂ ਘੜਨ ਲੱਗ ਪਿਆ ਸੀ, ਕਿ ਕਿਵੇਂ ਸੁਖਦੇਵ ਨੂੰ ਭਜਾਇਆ ਜਾਵੇ।

ਮੀਤੇ ਨੇ ਸ਼ਵਿੰਦਰ ਤੇ ਜੋਗਿੰਦਰ ਦੇ ਕਹਿਣ ਤੇ ਕਦੇ ਨਿਆਈਂ ਵਾਲੇ ਦੋ ਕਿੱਲੇ ਵਾਹੇ ਨਹੀਂ ਸਨ। ਉਸੇ ਜ਼ਮੀਨ ਚ ਹੀ ਘਰ ਦੇ ਕੋਲ ਹਰਨੇਕ ਦੇ ਸੰਸਕਾਰ ਵਾਲੀ ਜਗ੍ਹਾ ਸੀ। ਸੁਖਦੇਵ ਸਿੰਘ ਦੇ ਦਿਲ ਚ ਅੱਜ ਪਤਾ ਨਹੀਂ ਕੀ ਆਇਆ ,ਓਸਨੇ ਮੀਤੇ ਨੂੰ ਕਿਹਾ ਕਿ ਐਤਕੀ ਆਪਾਂ ਇਹ ਪੈਲੀ ਵੀ ਬੀਜਣੀ ਆ।.....ਪਰ ਬਾਈ ਫੇਰ ਕਿਤੇ ਸੁਲੱਖਣ ਹੁਣੀ ਕੋਈ ਪੰਗਾ ਖੜਾ ਨਾ ਕਰਨ,ਮੀਤੇ ਨੇ ਸੁਖਦੇਵ ਨੂੰ ਇਸ ਤਰ੍ਹਾਂ ਅੱਜ ਅਚਾਨਕ ਪੈਲੀ ਵਾਹੁਣ ਲਈ ਤਿਆਰ ਹੋਏ ਨੂੰ ਕਿਹਾ।.....ਮੀਤੇ ਇਹ ਜ਼ਮੀਨ ਆਪਣੇ ਨਾਮ ਆ, ਚਾਚੇ ਨੇ ਪੂਰੀ ਜ਼ਮੀਨ ਵੰਡ ਕੇ ਦਿੱਤੀ ਸਭ ਨੂੰ। ਸੁਲੱਖਣ ਨੂੰ ਰੋਡ ਦੇ ਨਾਲ ਲਗਦੀ ਜ਼ਮੀਨ ਮਿਲੀ ਆ। ਅੱਗੇ ਗੱਲ ਹੋਰ ਸੀ, ਹੁਣ ਮੈਂ ਆ ਗਿਆ ਹਾਂ, ਮੈਂ ਫ਼ਸਲ ਬੀਜਣੀ ਆ। ਤੂੰ ਹਰਨੇਕ ਦੀ ਕਨਾਲ ਜਗ੍ਹਾ ਛੱਡ ਕੇ ਬਾਕੀ ਸਾਰੀ ਵਾਹ ਦੇ, ਸੁਖਦੇਵ ਨੇ ਆਪਣਾ ਪੱਕਾ ਇਰਾਦਾ ਦੱਸਿਆ।.....ਠੀਕ ਹੈ ਬਾਈ ਜਿਵੇਂ ਤੂੰ ਕਹੇ! ਆਪਾਂ ਸਵੇਰੇ ਸਾਜ਼ਰੇ ਵਾਹ ਲੈਣੇ ਆ, ਮੀਤੇ ਨੇ ਸੁਖਦੇਵ ਦੇ ਬੋਲਾਂ ਤੇ ਫੁੱਲ ਚੜਾਏ।

ਕੀ ਹਾਲ ਹੈ ਚਾਚਾ? ਲੈ ਚਾਹ ਪੀ! ਸੁਖਦੇਵ ਨੇ ਜੋਗਿੰਦਰ ਸਿੰਘ ਨੂੰ ਚਾਹ ਦਾ ਗਲਾਸ ਫੜਾਉਂਦੇ ਨੂੰ ਕਿਹਾ।....ਠੀਕ ਆ ਪੁੱਤ, ਆਜਾ ਬਹਿ ਜਾ, ਜੋਗਿੰਦਰ ਮੰਜੇ ਤੋਂ ਇੱਕ ਪਾਸੇ ਨੂੰ ਹੋ ਕੇ ਸੁਖਦੇਵ ਲਈ ਕੀ ਹਾਲ ਹੈ ਚਾਚਾ? ਲੈ ਚਾਹ ਪੀ! ਸੁਖਦੇਵ ਨੇ ਜੋਗਿੰਦਰ ਸਿੰਘ ਨੂੰ ਚਾਹ ਦਾ ਗਲਾਸ ਫੜਾਉਂਦੇ ਨੂੰ ਕਿਹਾ।....ਠੀਕ ਆ ਪੁੱਤ, ਆਜਾ ਬਹਿ ਜਾ, ਜੋਗਿੰਦਰ ਮੰਜੇ ਤੋਂ ਇੱਕ ਪਾਸੇ ਨੂੰ ਹੋ ਕੇ ਸੁਖਦੇਵ ਲਈ ਜਗ੍ਹਾ ਬਣਾਉਂਦਾ ਬੋਲਿਆ।.... ਕੀ ਗੱਲਾਂ ਸਣਾਉਂਦੇ ਫੇਰ ਪੋਤਰੇ ਤੇਰੇ, ਪਰਗਟ ਤੇ ਜਿੰਮੀ ਨੂੰ ਚਾਚੇ ਦੇ ਕੋਲ ਕੁਰਸੀਆਂ ਤੇ ਬੈਠੇ ਦੇਖ ਸੁਖਦੇਵ ਨੇ ਕਿਹਾ।....ਪੁੱਤ ਗੱਭਰੂ ਹੋ ਗਏ ਨੇ ਮੇਰੇ, ਪਰਗਟ ਦਾ ਤਾਂ ਕਰ ਦਈਏ ਮੈਂ ਕਹਿਣਾ ਐਤਕੀ ਪੱਕ ਠੱਕ, ਜੋਗਿੰਦਰ ਨੇ ਹੱਸਦਿਆਂ ਕਿਹਾ।....ਜਾਓ ਬਾਪੂ ਜੀ , ਮੈਂ ਨਹੀਂ ਕਰਾਉਣਾ ਹਜੇ ਵਿਆਹ ਵੂ, ਪਰਗਟ ਸੁਖਦੇਵ ਕੋਲੋ ਸੰਗਦਾ ਬੋਲਿਆ।.....ਆਹੋ ਚਾਚਾ ਬਸ ਹੁਣ ਕਰਨੇ ਹੀ ਨੇ ਵਿਆਹ

ਇਹਨਾਂ ਦੇ, ਕਰਦੇ ਹਾਂ ਜਲਦੀ ਰੋਕਾ ਇਹਦਾ, ਵੈਸੇ ਵੀ ਬੜੇ ਚਿਰ ਤੋਂ ਕੋਈ ਖੁਸ਼ੀ ਨਹੀਂ ਮਨਾਈ ਘਰ ਚ। ਸੁੱਖ ਨਾਲ ਉੱਨੀਆਂ ਵਰ੍ਹਿਆਂ ਦਾ ਹੋ ਗਿਆ, ਸੁਖਦੇਵ ਨੇ ਪਰਗਟ ਨੂੰ ਛੇੜਦੇ ਕਿਹਾ। ਜਿੰਮੀ ਪਰਗਟ ਵੱਲ ਦੇਖ ਕੇ ਹੱਸਣ ਲੱਗ ਪਿਆ, ਤੇਰੇ ਦੰਦ ਜਿਆਦਾਂ ਨਹੀਂ ਨਿਕਲਦੇ, ਪਰਗਟ ਨੇ ਜਿੰਮੀ ਦੇ ਪਿਆਰ ਨਾਲ ਮੁੱਕਾ ਮਾਰਿਆ।....."ਇਸ਼ਕ ਪ੍ਰਹੇਜ਼ ਮੁਹੰਮਦ ਬਖ਼ਸ਼ਾ ਕਦੇ ਨਹੀਂ ਰਲ ਬਹਿੰਦੇ" ਜੋਗਿੰਦਰ ਸਿੰਘ ਫੇਰ ਪਰਗਟ ਨੂੰ ਛੇੜਦਾ ਚਾਹ ਦੀ ਘੁੱਟ ਭਰਨ ਲੱਗਾ।....ਬਸ ਕਰੋ ਬਾਪੂ ਜੀ ਕੋਈਂ ਹੋਰ ਗੱਲ ਕਰੋ, ਪਰਗਟ ਸੰਗ ਨਾਲ ਲਾਲ ਹੋ ਗਿਆ ਸੀ।

ਅੱਛਾ ਚਾਚਾ ਮੈਂ ਦੱਸਣ ਲੱਗਾ ਸੀ ਕਿ ਮੈਂ ਸਵੇਰੇ ਨਿਆਈਂ ਵਾਲਾ ਖੇਤ ਵਾਹੁਣਾ, ਸੁਖਦੇਵ ਨੇ ਜੋਗਿੰਦਰ ਵੱਲ ਝਾਕਦੇ ਕਿਹਾ।.....ਦੇਖ ਪੁੱਤ ਮੈਂ ਤੈਨੂੰ ਰੋਕਦਾ ਤਾਂ ਨਹੀਂ, ਪਰ ਦੇਖੀ ਧਿਆਨ ਨਾਲ, ਮੈਂ ਕੋਈ ਲੜਾਈ ਝਗੜਾ ਨਹੀ ਚਾਹੁੰਦਾ, ਜੋਗਿੰਦਰ ਚਾਹ ਵਾਲਾ ਗਲਾਸ ਮੰਜੇ ਦੀ ਬਾਹੀਂ ਤੇ ਟਿਕਾਉਂਦਾ ਬੋਲਿਆ।.....ਕੋਈ ਨਾ ਚਾਚਾ ਆਪਾਂ ਨਹੀਂ ਕੋਈ ਝਗੜਾ ਕਰਦੇ, ਨਾਲ਼ੇ ਕਿੰਨਾ ਕੁ ਚਿਰ ਨਾ ਵਾਹਾਂ ਗੇ। ਜਦ ਜ਼ਮੀਨ ਆਪਣੀ ਹੈ, ਫੇਰ ਕਾਹਦਾ ਡਰ, ਚੱਲ ਅੱਗੇ ਐਨੇ ਸਾਲ ਨਹੀਂ ਵਾਹੀ,ਪਰ ਹੁਣ ਮੈਂ ਆ ਗਿਆ, ਮੈਂ ਵਾਹੁਣੀ ਆ, ਸੁਖਦੇਵ ਨੇ ਦਿਲ ਦੀ ਦੱਸੀ।.....ਜਿਵੇਂ ਤੈਨੂੰ ਸਹੀ ਲੱਗੇ ਪੁੱਤਰਾ, ਪਰ ਮੈਨੂੰ ਲੱਗਦਾ ਸੁਲੱਖਣ ਨੇ ਜਰੂਰ ਪੁਆੜਾ ਪਾਉਣਾ ਕੋਈ ਨਾ ਕੋਈ, ਮੈਂ ਤਾਂ ਓਦੋਂ ਹਰਨੇਕ ਨੂੰ ਵੀ ਲੜਾਈ ਝਗੜੇ ਤੋਂ ਰੋਕਦਾ ਰਿਹਾ ਤੇ ਫੇਰ ਕੀ ਤੋਂ ਕੀ ਕੁੱਝ ਬਣ ਗਿਆ ਸੀ, ਇਹਨਾਂ ਝਗੜਿਆਂ ਨੇ ਮੇਰਾ ਸ਼ੇਰ ਪੁੱਤ ਖਾਹ ਲਿਆ, ਜੋਗਿੰਦਰ ਅੱਖਾਂ ਭਰ ਆਇਆ ਸੀ।.....ਡੈਡੀ ਨੂੰ ਇਹਨਾਂ ਸੁਲੱਖਣ ਹੁਣਾਂ ਨੇ ਮਰਵਾਇਆ ਸੀ ਬਾਪੂ ਜੀ? ਪਰਗਟ ਇਕਦਮ ਗੁੱਸੇ ਚ ਬੋਲਿਆ।.....ਨਹੀਂ ਪੁੱਤ ਐਂਵੇ ਦੀ ਕੋਈ ਗੱਲ ਨਹੀਂ, ਓਹ ਆਪਣੇ ਨਾਲ ਐਂਵੇ ਜ਼ਮੀਨ ਦੇ ਰੌਲਾ ਪਾਈ ਬੈਠਾ, ਸੁਖਦੇਵ ਨੇ ਗੱਲ ਘੁੰਮਾਉਣੀ ਚਾਹੀ।..... ਸੌਰੀ ਡੈਡੀ ਜੀ! ਪਰ ਮੈਨੂੰ ਸਭ ਪਤਾ! ਮੀਤੇ ਚਾਚੇ ਨੇ ਮੈਨੂੰ ਸਭ ਦੱਸ ਦਿੱਤਾ ਹੋਇਆ।..... ਕੀ ਦੱਸ ਦਿੱਤਾ ਤੈਨੂੰ, ਉਸ ਸਮੇਂ ਹਾਲਾਤ ਹੀ ਪੰਜਾਬ ਦੇ ਕੁੱਝ ਐਂਵੇ ਦੇ ਸਨ। ਨਾਲੇ ਆਪਣੇ ਕੋਲ ਕਿਹੜਾ ਕੋਈ ਸਬੂਤ ਇਸ ਗੱਲ ਦਾ ਕੇ ਸੁਲੱਖਣ ਨੇ

ਕੁੱਝ ਕਰਵਾਇਆ ਸੀ, ਸੁਖਦੇਵ ਨੇ ਪਰਗਟ ਨੂੰ ਸ਼ਾਂਤ ਕਰਨਾ ਚਾਹਿਆ।......ਠੀਕ ਹੈ ਡੈਡੀ ਜੀ, ਸਵੇਰੇ ਮੈਂ ਵੀ ਤੁਹਾਡੇ ਨਾਲ ਪੈਲੀ ਵਾਹੂ, ਦੇਖਦੇ ਆ ਕੀ ਕਰਦੇ ਨੇ ਇਹ ਵੱਡੇ ਵੈਲੀ। ਪਰਗਟ ਦਾ ਗੁੱਸਾ ਵੀ ਬਿਲਕੁਲ ਹਰਨੇਕ ਵਰਗਾ ਸੀ, ਉੱਤੋ ਚੜਦੀ ਜਵਾਨੀ ਦੇ ਤੱਤੇ ਖ਼ੂਨ ਦਾ ਅਸਰ ਸੀ।..... ਬਿਲਕੁੱਲ ਨਹੀਂ ਜਾਣਾ ਤੂੰ ਨਾਲ, ਮੈਂ ਤੇ ਮੀਤਾ ਦੋਵੇਂ ਵਾਹਾਂ ਗੇ ਪੈਲੀ, ਜੇਕਰ ਤੂੰ ਆਇਆ ਮੈਥੋਂ ਬੁਰਾ ਕੋਈ ਨਹੀਂ, ਸੁਖਦੇਵ ਸਿੰਘ ਨੇ ਗੁੱਸੇ ਚ ਪਰਗਟ ਨੂੰ ਤਾੜਨਾ ਕੀਤੀ।...ਪਰਗਟ ਗੁੱਸੇ ਚ ਚੁੱਪ ਕਰਕੇ ਉੱਠ ਕੇ ਬਾਹਰ ਚਲਾ ਗਿਆ।

ਤੜਕੇ ਗੁਰੂਦਵਾਰਾ ਸਾਹਿਬ ਬਾਬਾ ਬੋਲਣ ਦੇ ਵੇਲੇ ਸੁਖਦੇਵ ਨੇ ਪੇਟੀ ਚ ਪਈ ਦੋਨਾਲੀ ਕੱਢੀ ਤੇ ਮੀਤੇ ਨਾਲ ਜਾ ਟਰੈਕਟਰ ਤੇ ਬੈਠ ਗਿਆ। ਸੁਖਦੇਵ ਦੇ ਕਹਿਣ ਤੇ ਮੀਤੇ ਨੇ ਆਵਦੇ ਨਾਮ ਤੇ ਬੰਦੂਕ ਦਾ ਲਾਇਸੈਂਸ ਬਣਾਇਆ ਹੋਇਆ ਸੀ, ਖੇਤਾਂ ਵਿੱਚ ਘਰ ਹੋਣ ਕਰਕੇ ਰਾਖੀ ਲਈ ਰੱਖੀ ਹੋਈ ਸੀ। ਚੱਲ ਮੀਤੇ ਬੋਲ ਵਾਹਿਗੁਰੂ, ਸੁਖਦੇਵ ਨੇ ਮੀਤੇ ਨੂੰ ਹੱਲਾਸ਼ੇਰੀ ਦਿੱਤੀ। ਬਾਈ ਸਾਰਾ ਦਿਨ ਵਾਹਿਗੁਰੂ ਹੀ ਬੋਲੀ ਦਾ, ਮੀਤਾ ਸੁਖਦੇਵ ਵੱਲ ਦੇਖ ਕੇ ਹੱਸਦੇ ਨੇ ਟਰੈਕਟਰ ਤੋਰ ਲਿਆ। ਸੁਖਦੇਵ ਅੰਬ ਦੇ ਦਰੱਖਤ ਥੱਲੇ ਬੰਦੂਕ ਲੈਕੇ ਖੜ ਗਿਆ ਤੇ ਮੀਤੇ ਨੇ ਹਲਾਂ ਨਾਲ ਟੱਕ ਲਗਾ ਲਿਆ। ਬਲਜੀਤ ਤੇ ਸ਼ਵਿੰਦਰ  ਹੁਨੀਆਂ ਘਰੋਂ ਖੜ ਕੇ ਸੁਖਦੇਵ ਹੁਣਾਂ ਨੂੰ ਦੇਖਦੀਆਂ ਰਹੀਆਂ। ਮੀਤੇ ਨੇ ਪੈਲੀ ਵਾਹ ਦਿੱਤੀ ਸੀ, ਪਰ ਸੁਲੱਖਣ ਕੇ ਘਰੋਂ ਕੋਈ ਨਾ ਨਿਕਲਿਆ। ਸੁਖਦੇਵ ਬਹੁਤ ਖੁਸ਼ ਸੀ, ਉਹ ਕੁੱਝ ਸਮਾਂ ਹਰਨੇਕ ਦੀ ਜਗ੍ਹਾ ਤੇ ਆ ਕੇ ਬੈਠ ਗਿਆ, ਜਿਵੇਂ ਓਹਦੇ ਨਾਲ ਕੋਈ ਗੱਲਾਂ ਕਰ ਰਿਹਾ ਹੋਵੇ, ਜਿਵੇਂ ਓਸਨੂੰ ਦੱਸ ਰਿਹਾ ਹੋਵੇ ਕੇ ਉਸਨੇ ਅੱਜ ਉਹਦੇ ਦਿਲ ਦੀ ਪੁਗਾ ਦਿੱਤੀ ਹੈ।

ਪਰ ਹੋਣੀਂ ਹਜੇ ਟਲੀ ਕਿੱਥੇ ਸੀ, ਉਸੇ ਸ਼ਾਮ ਜਦੋਂ ਸਾਰੇ ਜਾਣੇ ਰੋਟੀ ਖਾਹ ਰਹੇ ਸੀ ਤਾਂ ਉਹਨਾਂ ਨੂੰ ਕੁੱਝ ਰੌਲਾ ਸੁਣਾਈ ਦਿੱਤਾ। ਸੁਲੱਖਣ  ਦਾਰੂ ਚ ਪੂਰਾ ਟੂੰਨ ਹੋਇਆ ਲਲਕਾਰੇ ਮਾਰ ਰਿਹਾ ਸੀ।.... ਓਹ ਤੁਹਾਡੀ.... ਸੁਲੱਖਣ ਗਾਹਲਾਂ ਕੱਢ ਰਿਹਾ ਸੀ। ਤੇਰੀ ਜੁਰਤ ਕਿਵੇਂ ਪਈ ਉਹ ਵਲੈਤੀਆ ਪੈਲੀ ਵਾਹੁਣ ਦੀ। ਹੋਰ ਬੜਾ ਮਾੜਾ

ਚੰਗਾ ਬੋਲ ਰਿਹਾ ਸੀ। ਇਹਨੂੰ ਬਕਵਾਸ ਕਰੀ ਜਾਣ ਦਿਓ ਕੋਈ ਬਾਹਰ ਨਾ ਜਾਇਓ, ਕੁੱਤਾ ਭੌਂਕ ਕੇ ਆਪੇ ਚੁੱਪ ਕਰਜੂ, ਜੋਗਿੰਦਰ ਸਿੰਘ ਨੇ ਸਭ ਨੂੰ ਖ਼ਬਰਦਾਰ ਕੀਤਾ।.......ਸੁਲੱਖਣ ਦੀਆਂ ਆਵਾਜ਼ਾਂ ਹੋਰ ਉੱਚੀ ਹੋ ਗਈਆਂ, ਸਾਫ ਸਾਫ ਸੁਣ ਰਹੀਆਂ ਸਨ।....."ਤੇਰੇ ਅੱਤਵਾਦੀ ਭਰਾ ਨੂੰ ਜਿਵੇਂ ਗੱਡੀ ਚੜਾਇਆ ਸੀ ਪਹਿਲਾਂ, ਹੁਣ ਤੇਰਾ ਕਤਲ ਮੇਰੇ ਹੱਥੋਂ ਲਿਖਿਆ! ਵੱਡਾ ਬਦਮਾਸ਼ ਬਣਦਾ ਤੂੰ!.....ਸੁਲੱਖਣ ਦੀ ਐਨੀ ਗੱਲ ਸੁਣ ਕੇ ਪਤਾ ਹੀ ਨਹੀਂ ਲੱਗਾ ਕਦੋਂ ਪਰਗਟ ਬੰਦੂਕ ਚੱਕ ਕੇ ਬਾਹਰ ਨਿਕਲ ਗਿਆ।.....ਹਾਏ ਮੈਂ ਮਰਗੀ! ਸ਼ਵਿੰਦਰ ਨੇ ਉੱਚੀ ਸਾਰੀ ਚੀਕ ਮਾਰੀ, ਪਰਗਟ ਨੂੰ ਰੋਕੋ ਵੀਰ ਜੀ।..... ਪਰਗਟ! ਪਰਗਟ! ਸੁਖਦੇਵ ਆਵਾਜ਼ਾਂ ਮਾਰਦਾ ਓਹਦੇ ਮਗਰ ਹੋ ਤੁਰਿਆ। ਸੁਖਦੇਵ ਨੂੰ ਸੋਲ਼ਾਂ ਸਾਲ ਪਹਿਲਾ ਵਾਲਾ ਸਾਰਾ ਸੀਨ ਚੇਤੇ ਆਉਣ ਲੱਗਾ, ਪਰਗਟ ਓਹਨੂੰ ਹਰਨੇਕ ਵਾਂਗੂੰ ਜਾਂਦਾ ਲੱਗਿਆ। ਨਹੀਂ! ਨਹੀਂ! ਮੈਂ ਇਹ ਸਭ ਦੁਬਾਰਾ ਨਹੀਂ ਹੋਣ ਦੇਣਾ। ਜਿਹੜੀ ਅੱਗ ਵਿੱਚ ਮੈਂ ਸਾਰੀ ਉਮਰ ਸੜਿਆ ਹੁਣ ਮੇਰੇ ਬੱਚੇ ਨਹੀਂ ਸੜਨਗੇ। ਮੇਰੇ ਵਾਂਗ ਕੋਈ ਘਰੋਂ ਬੇਘਰ ਹੋਕੇ ਨਹੀਂ ਭੱਜੇਗਾ। ਬੜਬੁੜਾਉਂਦਾ ਹੋਇਆ ਸੁਖਦੇਵ ਸੁਲੱਖਣ ਦੇ ਘਰ ਕੋਲ ਪਹੁੰਚ ਚੁੱਕਾ ਸੀ। ਅਚਾਨਕ ਦੋ ਗੋਲੀਆਂ ਚੱਲਣ ਦੀਆਂ ਆਵਾਜ਼ਾਂ ਨਾਲ ਪਰਿਵਾਰ ਚ ਚੀਕ ਚਿਹਾੜਾ ਪੈ ਗਿਆ। ਸਾਰਾ ਪਰਿਵਾਰ ਭੱਜ ਕੇ ਬਾਹਰ ਆ ਗਿਆ, ਭਾਣਾ ਵਾਪਰ ਚੁੱਕਾ ਸੀ। ਸੁਖਦੇਵ ਸਿੰਘ ਖ਼ੂਨ ਚ ਲੱਥ ਪੱਥ ਹੋਇਆ ਪਰਗਟ ਦੀਆਂ ਬਾਹਾਂ ਚ ਪਿਆ ਸੀ। ਸੁਲੱਖਣ ਦੀ ਗੋਲੀ ਓਸਦੀ ਹਿੱਕ ਚ ਵੱਜੀ ਸੀ। ਸਾਰਾ ਪਿੰਡ ਇਕੱਠਾ ਹੋ ਗਿਆ, ਸੁਲੱਖਣ ਕਿਤੇ ਭੱਜ ਗਿਆ ਸੀ। ਖ਼ਬਰ ਸੁਣ ਕੇ ਓਧਰ ਜੋਗਿੰਦਰ ਸਿੰਘ ਦੀ ਜ਼ਿੰਦਗੀ ਦਾ ਸੂਰਜ ਵੀ ਡੁੱਬ ਗਿਆ ਸੀ। ਸਭ ਪਾਸੇ ਗੂੜਾ ਹਨੇਰਾ ਪਸਰ ਚੁੱਕਾ ਸੀ।

ਮਿੱਟੀ ਦੇ ਜਾਏ ਹਾਂ, ਆਖ਼ਿਰ ਮਿੱਟੀ ਹੀ ਹੋਣਾ,

ਇਹ ਮੋਹ ਦੀਆਂ ਪੰਡਾਂ ਨੂੰ ਕੱਦ ਤੱਕ ਹੈ ਢੋਣਾ!

ਪਰ ਅਣਖਾਂ ਦੇ ਬਾਝੋਂ ਵੀ ਕਾਹਦਾ ਹੈ ਜਿਊਣਾ,

ਕੁੱਝ ਵਿਲਕਦੀਆਂ ਰੂਹਾਂ ਨੂੰ ਪੈਂਦਾ ਉਮਰਾਂ ਦਾ ਰੋਣਾ!

ਕਹਾਣੀ ਪੜਨ ਲਈ ਬਹੁਤ ਬਹੁਤ ਧੰਨਵਾਦ ਜੀ। ਕਿਰਪਾ ਕਰਕੇ ਆਪਣੇ ਕੀਮਤੀ ਵਿਚਾਰ ਜਰੂਰ ਦੇਣੇ ਜੀ।

\- ਗੁਰਪ੍ਰੀਤ ਕਰੀਰ


## GURPREET KAREER

WhatsApp: 9915425286

Instagram: gskareer

E-mail: gs_kareer@rediffmail.com


ਮੇਰੀਆਂ ਹੋਰ ਲਿਖਤਾਂ :

ਪੈਂਡਾ ਇਸ਼ਕੇ ਦਾ ( ਕਹਾਣੀ )

ਕਲਮਾਂ ਦੇ ਮੁਸਾਫਿਰ ( ਸਾਂਝਾ ਕਾਵਿ-ਸੰਗ੍ਰਹਿ)

ਵਾਰਤਾਲਾਪ ( ਸਾਂਝਾ ਕਾਵਿ-ਸੰਗ੍ਰਹਿ)